# ਨਾ ਬੁਰਾ ਮਨਾਇਓ ਜੀ



ਕਰਤਾਰ ਸਿੰਘ ਪੰਛੀ

Sri Satguru Jag... ...library NamdhariElibrary@gmail...

Sri Satguru Jagjit Singh Ji eLibrary NamdhariElibrary@gmail.com

ਪਿਆਰ ਸਤਿਕਾਰ ਅਦਬ ਨਾਲ
ਭੇਟਾ ਕ.ਸ.ਪੰਛੀ
ਫੋਨ ਨੰ.01675-251002,395235

Sri Satguru Jagjit Singh Ji

Sri Satguru Jagjit Singh Ji eLibrary NamdhariElibrary@gmail.com

# ਨਾ ਬੁਰਾ ਮਨਾਇਓ ਜੀ

ਕਰਤਾਰ ਸਿੰਘ ਪੰਛੀ

ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ
ਮਾਲੇਰਕੋਟਲਾ

Sri Satguru Jagjit Singh Ji eLibrary NamdhariElibrary@gmail.com

NA BURA MANAUYO JI

(Poetry)

by
Kartar Singh Panchhi (M.A., B.Ed.)
Navin Basti, MALERKOTLA-148023, Punjab, INDIA
Phone : 01675-251002, 395235

Pub. by
Mata Bhagwanti Sahit Sewa Sammatti
S.D.Hospital, Stadium Road
MALERKOTLA-148023, Punjab, INDIA
Phone : 01675-258879

First Edition : 2005

ਸਭ ਹੱਕ ਰਾਖਵੇਂ : ਕਰਤਾਰ ਸਿੰਘ ਪੰਛੀ
ਨਵੀਂ ਆਬਾਦੀ, ਮਾਲੇਰਕੋਟਲਾ-148023 (ਸੰਗਰੂਰ)
Phone : 01675-251002, 395235

ਪ੍ਰਕਾਸ਼ਕ : ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ
ਐੱਸ.ਡੀ.ਹਸਪਤਾਲ, ਸਟੇਡੀਅਮ ਰੋਡ, ਮਾਲੇਰਕੋਟਲਾ-148023 (ਸੰਗਰੂਰ)
ਫੋਨ : 01675-258879

ਛਾਪਕ :

ਟਾਈਪ ਸੈਟਰਜ਼ : ਮੁਹੰਮਦ ਰਮਜ਼ਾਨ
ਸਟਾਰ ਕੰਪਿਊਟਰ ਗਰਾਫ਼ਿਕਸ, ਮਾਲੇਰਕੋਟਲਾ

ਮੁੱਲ : 60-00 ਰੁਪਏ

Sri Satguru Jagjit Singh Ji eLibrary NamdhariElibrary@gmail.com

## ਸਮਰਪਣ

ਮੇਰੀ ਮਾਂ ਵਰਗੀਆਂ
ਨਿੱਘੀਆਂ ਛਾਵਾਂ ਦੇਣ ਵਾਲੀਆਂ
ਮਾਸੀਆਂ ਦੀ ਮਿੱਠੀ
ਯਾਦ
ਨੂੰ

Sri Satguru Jagjit Singh Ji eLibrary NamdhariElibrary@gmail.com

**ਪਹਿਲਾ ਇਸ ਕਲਮ ਤੋਂ :**

ਸਰਦਲ (ਗ਼ਜ਼ਲਾਂ) 1982
ਸਿਦਕ ਕਥੂਰੀ (ਗ਼ਜ਼ਲਾਂ) 1985
ਮੁੜ੍ਹਕੇ ਦੀ ਕੁੱਖ (ਕਾਵਿ ਸੰਗ੍ਰਹਿ) 1989
ਚਰਨ ਭੇਟ (ਕਾਵਿ ਸੰਗ੍ਰਹਿ) 1991
ਫੁੱਲਾਂ ਦੀ ਮੁਸਕਾਨ (ਬਾਲ ਕਾਵਿ ਸੰਗ੍ਰਹਿ) 1991
ਨੂਰ ਇਲਾਹੀ (ਕਾਵਿ ਸੰਗ੍ਰਹਿ) 1995
ਸਮੇਂ ਨੂੰ ਕੀ ਆਖਾਂ ? (ਗ਼ਜ਼ਲ ਸੰਗ੍ਰਹਿ) 1995
ਲੋਚਾ ਦਰਸ਼ ਦੀਦਾਰ ਦੀ (ਗ਼ਜ਼ਲ ਸੰਗ੍ਰਹਿ) 2005
ਦਿਲਾਸੇ (ਗ਼ਜ਼ਲ ਸੰਗ੍ਰਹਿ) 2005

Sri Satguru Jagjit Singh Ji eLibrary NamdhariElibrary@gmail.com

# ਨਾ ਟਲਿਆ ਪੰਛੀ ਨਵੀਂ ਉਡਾਨ ਭਰਨ ਤੋਂ

'ਨਾ ਬੁਰਾ ਮਨਾਇਓ ਜੀਂ' ਕਰਤਾਰ ਸਿੰਘ ਪੰਛੀ ਦੀ 10ਵੀ ਕਿਤਾਬ ਹੈ। ਚੰਗਾ ਭਲਾ ਇਹ ਸ਼ਰੀਫ਼ ਪੰਛੀ ਲੋਕਾਂ ਦੇ ਦੁੱਖ-ਸੁੱਖ ਨੂੰ ਕਾਵਿ-ਬੱਧ ਕਰ ਰਿਹਾ ਸੀ। ਨਾਮਧਾਰੀ ਦਰਬਾਰ ਦੀ ਸਿਫਤ ਸਲਾਹ ਕਰ ਰਿਹਾ ਸੀ। ਪਰ 10ਵੀਂ ਪੁਸਤਕ ਵਿਚ ਉਸ ਨੇ ਵਿਅੰਗ ਦੇ ਤੀਰਾਂ ਦਾ ਅਜਿਹਾ ਸਹਾਰਾ ਲਿਆ ਕਿ ਉਹ ਪਹਿਲ ਵਰਗਾ ਸ਼ਰੀਫ਼ ਨਹੀਂ ਜਾਪਦਾ। ਇਹ 10ਵੀਂ ਪੁਸਤਕ ਹੋਣ ਕਾਰਨ ਉਹ ਸਾਹਿਤਕ ਦੁਨੀਆਂ ਦਾ 10 ਨੰਬਰੀਆ ਬਣ ਗਿਆ ਹੈ। ਉਂਜ ਹੈ ਉਹ ਸੌ ਫੀਸਦੀ ਸਾਊ ਤੇ ਬੀਬਾ ਪੰਛੀ, ਜਿਸ ਨੇ ਪਿਉ ਤੇ ਭਰਾਵਾਂ ਦੀ ਬੇਇਨਸਾਫ਼ੀ ਵਿਰੁੱਧ ਵੀ ਕੁਝ ਕਹਿਣ ਲਈ 'ਨਾ ਬੁਰਾ ਮਨਾਇਓ ਜੀਂ' ਦੀ ਲੋਕਧਾਰਾਈ ਜੁਗਤ ਵਰਤੀ ਹੈ ਤੇ ਨਾਲ ਹੀ ਆਪਣੇ ਕਲਾਕਾਰ ਹੋਣ ਦਾ ਸਬੂਤ ਵੀ ਦਿੱਤਾ ਹੈ। ਇੰਜ ਉਹ ਗ਼ਲਤ ਵਿਅਕਤੀ ਦੇ ਨੱਕ 'ਤੇ ਵੀ ਮਾਰ ਜਾਂਦਾ ਹੈ। ਠੀਕ ਦੀ ਸਿਫਤ ਸਲਾਹ ਵੀ ਕਰਦਾ ਹੈ। ਦਰਅਸਲ ਸੰਜਮੀ ਸ਼ੈਲੀ ਵਿਚ ਕਾਵਿ-ਬੱਧ ਕੀਤੀ ਇਹ ਉਸ ਦੀ ਆਤਮ ਕਥਾ ਹੈ। ਇਹ ਲੰਬੀ ਕਵਿਤਾ ਉਸ ਦੀ ਇਸ ਪੁਸਤਕ ਦਾ ਸਦਰ ਦਰਵਾਜ਼ਾ ਹੈ ਜਿਸ ਦੇ ਪਿਛੋਂ ਸਮਕਾਲੀ ਯਥਾਰਥ ਨੂੰ ਪੇਸ਼ ਕਰਦੀਆਂ 150 ਰੁਬਾਈਆਂ ਹਨ। ਬਹੁਤੀਆਂ ਰੁਬਾਈਆਂ ਵਿਚ ਵਿਅੰਗ ਜਾਂ ਕਟਾਕਸ਼ ਦਾ ਨਸ਼ਤਰ ਚਲਾਇਆ ਗਿਆ ਹੈ।

ਇਸ ਤੋਂ ਪਹਿਲਾਂ ਕਿ ਪੰਛੀ ਦੀਆਂ ਰੁਬਾਈਆਂ ਨਾਲ ਪਾਠਕਾਂ ਦੀ ਸਾਂਝ ਪੁਆਈ ਜਾਵੇ, ਰੁਬਾਈ ਕਾਵਿ-ਰੂਪਾਕਾਰ ਦੇ ਆਰੰਭ, ਸੰਰਚਨਾ ਤੇ ਮਹੱਤਵ ਬਾਰੇ ਕੁਝ ਜਾਣਨਾ ਬੜਾ ਜ਼ਰੂਰੀ ਹੈ।

ਰੁਬਾਈ ਛੁਟੇਰੀ ਕਵਿਤਾ ਦੀ ਇਕ ਵੰਨਗੀ ਹੈ। ਇਸ ਕਾਵਿ-ਵੰਨਗੀ



Sri Satguru Jagjit Singh Ji eLibrary NamdhariElibrary@gmail.com

(ਸਿਨਫ਼ ਜਾਂ ਰੂਪਾਕਾਰ) ਦੀ ਜਨਮ ਭੂਮੀ ਇਰਾਨ ਹੈ। ਨਾ ਕੇਵਲ ਰੁਬਾਈ ਸਭ ਤੋਂ ਪਹਿਲਾਂ ਫ਼ਾਰਸੀ ਵਿਚ ਲਿਖੀ ਗਈ, ਸਗੋਂ ਸਭ ਤੋਂ ਉਤਮ ਕਿਸਮ ਦੀਆਂ ਰੁਬਾਈਆਂ ਦੀ ਰਚਨਾ ਲਈ ਵੀ ਪ੍ਰਸਿੱਧਤਾ ਫ਼ਾਰਸੀ ਕਵੀਆਂ ਦੇ ਹਿੱਸੇ ਆਈ। ਅਰਬੀ ਤੇ ਫ਼ਾਰਸੀ ਵਿਚ ਦੋ ਤੁਕਾਂ ਵਾਲੇ ਛੰਦ ਨੂੰ ਬੈਤ ਕਲਪਿਆ ਹੈ। ਇਸ ਵੰਨਗੀ ਦੀ ਛੁਟੇਰੀ ਕਵਿਤਾ ਵਿਚ ਦੋ ਬੈਤ ਹੁੰਦੇ ਹਨ ਅਰਥਾਤ ਦੋ ਸ਼ਿਅਰ ਹੁੰਦੇ ਹਨ ਜਿਸ ਕਾਰਨ ਇਸ ਨੂੰ ਦੋ ਬੈਂਤੀ ਕਿਹਾ ਗਿਆ। ਚਾਰ ਤੁਕਾਂ ਹੋਣ ਕਾਰਨ ਇਸ ਨੂੰ ਚੌ-ਮਿਸਰੀ ਵੀ ਕਿਹਾ ਜਾਂਦਾ ਹੈ ਕਿਉਂਕਿ ਰੁਬਾਈ ਵਿਚ ਚਾਰ ਮਿਸਰੇ ਅਰਥਾਤ ਚਾਰ ਤੁਕਾਂ ਹੁੰਦੀਆਂ ਹਨ। ਉਂਜ ਰੁਬਾਈ ਸ਼ਬਦ ਅਰਬੀ ਦਾ ਹੈ। ਰੁਬਾਈ 'ਰੁਬਾ' ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ—ਚਾਰ। ਰੁਬਾਈ ਦੀਆਂ ਚਾਰ ਤੁਕਾਂ ਹੋਣ ਕਾਰਨ ਇਹ ਨਾਂ ਪ੍ਰਚੱਲਤ ਹੋ ਗਿਆ। ਪੰਜਾਬੀ ਵਿਚ ਭਾਈ ਵੀਰ ਸਿੰਘ ਨੇ ਰੁਬਾਈ ਨੂੰ 'ਤੁਰਿਆਈਂ' ਵੀ ਕਿਹਾ ਹੈ। ਇਹ ਨਾਂ ਪੰਜਾਬੀ ਵਿਚ ਪ੍ਰਚੱਲਤ ਨਹੀ ਹੋ ਸਕਿਆ। ਡਾ.ਮੋਹਨ ਸਿੰਘ ਦੀਵਾਨਾ ਨੇ ਬਿਲਕੁਲ ਇਸ ਤਰ੍ਹਾਂ ਦੀ ਕਾਵਿ ਵੰਨਗੀ ਨੂੰ ਚੌਬਰਗੇ ਦਾ ਨਾਂ ਦਿੱਤਾ ਹੈ। ਇਸ ਕਾਵਿ ਵੰਨਗੀ ਦੀ ਤਕਨੀਕ ਨਿਸ਼ਚਿਤ ਹੈ। ਇਸ ਦੇ ਰੂਪ ਵਿਚ ਕੋਈ ਵੱਡੀ ਤਬਦੀਲੀ ਨਹੀਂ ਕੀਤੀ ਜਾ ਸਕਦੀ। ਹਰ ਕਿਸਮ ਦਾ ਵਿਸ਼ਾ-ਵਸਤੂ ਇਸ ਅੰਦਰ ਸਮੋਇਆ ਜਾ ਸਕਦਾ ਹੈ, ਸ਼ਰਤ ਕੇਵਲ ਇਹ ਹੈ ਕਿ ਵਿਸ਼ਾ ਇਕ ਪਰਤੀ ਹੁੰਦਾ ਹੈ। ਰੁਬਾਈ ਵਿਚ ਕੇਵਲ ਇਕ ਨੁਕਤਾ ਲੈ ਕੇ ਹੀ ਉਸ ਨੂੰ ਬੜੇ ਸੰਖੇਪ ਤੇ ਸੰਜਮੀ ਢੰਗ ਨਾਲ ਨਿਭਾਇਆ ਜਾਂਦਾ ਹੈ।

ਜਿਵੇਂ ਅਸੀਂ ਪਹਿਲਾਂ ਕਿਹਾ ਹੈ ਕਿ ਰੁਬਾਈ ਦੀਆਂ ਚਾਰ ਤੁਕਾਂ ਹੁੰਦੀਆਂ ਹਨ। ਦੂਜੇ ਸ਼ਬਦਾਂ ਵਿਚ ਰੁਬਾਈ ਦੇ ਦੋ ਸ਼ਿਅਰ ਹੁੰਦੇ ਹਨ। ਪਹਿਲੀਆਂ ਦੋ ਤੁਕਾਂ (ਪਹਿਲਾ ਸ਼ਿਅਰ) ਬਣਤਰ ਪੱਖੋਂ ਗ਼ਜ਼ਲ ਦੇ ਮਤਲੇ (ਮੁਖੜੇ) ਨਾਲ ਬਿਲਕੁਲ ਮਿਲਦਾ-ਜੁਲਦਾ ਹੁੰਦਾ ਹੈ ਪਰ ਮਤਲੇ ਵਾਂਗ ਰੁਬਾਈ ਦੇ ਇਸ ਪਹਿਲੇ ਸ਼ਿਅਰ ਦਾ ਸੁਤੰਤਰ ਤੇ ਸੰਪੂਰਨ ਕਾਵਿਕ ਇਕਾਈ ਹੋਣਾ ਜ਼ਰੂਰੀ ਨਹੀਂ ਹੈ। ਰੁਬਾਈ ਦਾ ਪਹਿਲਾ ਸ਼ਿਅਰ ਅਰਥਾਤ ਪਹਿਲੀਆਂ ਦੋ ਤੁਕਾਂ ਦਾ ਕਾਫ਼ੀਆ ਮਿਲਦਾ ਹੈ, ਤੀਜੀ ਤੁਕ ਦਾ ਕਾਫ਼ੀਆ ਮਿਲਣਾ ਜ਼ਰੂਰੀ ਨਹੀਂ। ਕੁਝ ਸ਼ਾਇਰ



Sri Satguru Jagjit Singh Ji eLibrary NamdhariElibrary@gmail.com

ਤੀਜੀ ਤੁਕ ਦਾ ਕਾਫ਼ੀਆ ਵੀ ਮਿਲਾ ਦਿੰਦੇ ਹਨ। ਤੀਜੀ ਤੁਕ ਦਾ ਕਾਫ਼ੀਆ ਮਿਲਾਉਣਾ ਉੱਤਮ ਰੁਬਾਈ ਦੀ ਨਿਸ਼ਾਨੀ ਹੈ। ਚੌਥੀ ਤੁਕ ਦਾ ਕਾਫ਼ੀਆ ਪਹਿਲੀਆਂ ਦੋਹਾਂ ਤੁਕਾਂ ਦੇ ਕਾਫ਼ੀਏ ਨਾਲ ਮਿਲਣਾ ਜ਼ਰੂਰੀ ਹੈ। ਦੂਜੇ ਸ਼ਬਦਾਂ ਵਿਚ ਰੁਬਾਈ ਦੀਆਂ ਪਿਛਲੀਆਂ ਦੋ ਤੁਕਾਂ ਜਾਂ ਦੂਜਾ ਸ਼ਿਅਰ ਵੀ ਸੁਤੰਤਰ ਕਾਵਿਕ ਇਕਾਈ ਨਹੀਂ ਹੁੰਦਾ। ਇਸ ਤਰ੍ਹਾਂ ਰੁਬਾਈ ਅਤੇ ਗ਼ਜ਼ਲ ਦੀ ਬਣਤਰ ਦੀ ਸਾਝ ਕੇਵਲ ਤਕਨੀਕੀ ਹੈ। ਇਹ ਤਕਨੀਕੀ ਸਾਂਝ ਵੀ ਕੇਵਲ ਤੁਕਾਂਤ ਮੇਲ ਤਕ ਹੀ ਸੀਮਤ ਹੈ।

ਰੁਬਾਈ ਦਾ ਆਰੰਭ ਇਰਾਨ ਵਿਚ ਹੋਇਆ। ਗ਼ਜ਼ਲ ਵਾਂਗ ਰੁਬਾਈ ਦਾ ਮੋਢੀ ਕਵੀ ਰੂਦਕੀ ਹੈ। ਉਂਜ ਉਮਰ ਖ਼ਿਆਮ ਫ਼ਾਰਸੀ ਰੁਬਾਈ ਦਾ ਬਾਬਾ ਆਦਮ ਮੰਨਿਆ ਜਾਂਦਾ ਹੈ। ਉਮਰ ਖ਼ਿਆਮ ਤੋਂ ਇਲਾਵਾ ਫ਼ਾਰਸੀ ਵਿਚ ਸੁਲਤਾਨ ਅਬੂ ਸਈਦ ਅਬੁਲ ਖੈਰ, ਬਾਬਾ ਤਾਹਿਰ ਤੇ ਅਬਦੁੱਲਾ ਅਨਸਾਰੀ ਨੇ ਵੀ ਰੁਬਾਈਆਂ ਦੀ ਰਚਨਾ ਕੀਤੀ ਹੈ।

ਪ੍ਰੋ. ਜੁਗਿੰਦਰ ਸਿੰਘ ਅਨੁਸਾਰ ਰੁਬਾਈਆਂ ਦੀ ਰਚਨਾ ਲਈ 24 ਵਜ਼ਨ (ਤੋਲ) ਨਿਸ਼ਚਿਤ ਹਨ। ਫ਼ਾਰਸੀ ਵਿਚ ਕੁਝ ਵਿਦਵਾਨਾਂ ਨੇ ਤਾਂ ਇਹਨਾਂ 24 ਵਜ਼ਨਾਂ 'ਤੇ ਆਧਾਰਿਤ ਚਾਰ ਤੁਕਾਂ ਵਾਲੀ ਰਚਨਾ ਨੂੰ ਹੀ ਰੁਬਾਈ ਮੰਨਿਆ ਹੈ। ਜੇ ਇਹਨਾਂ ਵਜ਼ਨਾਂ ਨੂੰ ਕੋਈ ਸ਼ਾਇਰ ਰੁਬਾਈ ਲਈ ਨਹੀ ਅਪਣਾਉਂਦਾ ਤਾਂ ਇਹ ਵਿਦਵਾਨ ਉਸ ਨੂੰ ਰੁਬਾਈ ਦੀ ਥਾਂ (ਕਤਅ) ਆਖਦੇ ਹਨ। (ਕਤਅ ਉਰਦੂ ਦੀ ਇਕ ਹਰਮਨ ਪਿਆਰੀ ਕਾਵਿ ਵੰਨਗੀ ਹੈ।)

ਫ਼ਾਰਸੀ ਤੋਂ ਪਿੱਛੋਂ ਉਰਦੂ ਤੇ ਉਰਦੂ ਤੋਂ ਪਿੱਛੋਂ ਪੰਜਾਬੀ ਵਿਚ ਰੁਬਾਈ ਪ੍ਰਚੱਲਤ ਹੋਈ। ਪੰਜਾਬੀ ਵਿਚ ਤਕਨੀਕੀ ਪੱਖੋਂ ਇਸ ਦੇ ਦੋ ਰੂਪ ਪ੍ਰਚੱਲਤ ਹਨ। ਰੁਬਾਈ ਦਾ ਪਹਿਲਾ ਤਕਨੀਕੀ ਰੂਪ ਇਹ ਹੈ ਜਿਸ ਵਿਚ ਪਹਿਲੀਆਂ ਦੋ ਤੁਕਾਂ ਦਾ ਕਾਫ਼ੀਆ ਮਿਲਦਾ ਹੈ, ਤੀਸਰੀ ਤੁਕ ਦਾ ਕਾਫ਼ੀਆ ਨਹੀਂ ਮਿਲਦਾ। ਚੌਥੀ ਤੁਕ ਦਾ ਕਾਫ਼ੀਆ ਫੇਰ ਪਹਿਲੀਆਂ ਦੋ ਤੁਕਾਂ ਨਾਲ ਮਿਲਦਾ ਹੈ। ਪੰਜਾਬੀ ਵਿਚ ਰੁਬਾਈ ਦਾ ਦੂਜਾ ਤਕਨੀਕੀ ਰੂਪ ਇਹ ਹੈ ਕਿ ਇਸ ਦੀਆਂ ਚਾਰੇ ਤੁਕਾਂ ਦਾ ਤੁਕਾਂਤ ਮਿਲਦਾ ਹੈ।



Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਵਿਚ ਰੁਬਾਈ ਦਾ ਆਰੰਭ ਡਾ.ਭਾਈ ਵੀਰ ਸਿੰਘ ਤੋਂ ਹੁੰਦਾ ਹੈ। ਉਸ ਨੇ ਅਰਬੀ, ਫ਼ਾਰਸੀ ਛੰਦ ਅਰਥਾਤ ਅਰੂਜ਼ ਦੀ ਥਾਂ ਤੋਲ ਲਈ ਭਾਰਤੀ ਛੰਦ ਨੂੰ ਅਪਣਾਇਆ। ਉਸ ਦੀਆਂ ਸਾਰੀਆਂ ਰੁਬਾਈਆਂ 16+12=28 ਦੇ ਮਾਤ੍ਰਿਕ ਛੰਦ ਵਿਚ ਹਨ। ਇਹ ਤੋਲ ਦਵੱਈਏ ਛੰਦ ਦਾ ਹੈ। ਪੰਜਾਬੀ ਵਿਚ ਕੁਝ ਵਿਦਵਾਨਾਂ ਨੇ ਰੁਬਾਈ ਨੂੰ ਇਕ ਛੰਦ ਮੰਨ ਕੇ ਭਾਈ ਵੀਰ ਸਿੰਘ ਦੀ ਤਕਨੀਕ ਨੂੰ ਹੀ ਰੁਬਾਈ ਲਈ ਸੰਪੂਰਨ ਤਕਨੀਕ ਮੰਨਿਆ ਹੈ ਪਰ ਪੰਜਾਬੀ ਦੇ ਕੁਝ ਹੋਰ ਸ਼ਾਇਰਾਂ ਨੇ ਹੋਰ ਤੋਲ ਲੈ ਕੇ ਵੀ ਰੁਬਾਈਆਂ ਦੀ ਰਚਨਾ ਕੀਤੀ ਹੈ।

ਜਿਵੇਂ ਅਸੀ ਪਹਿਲਾਂ ਕਿਹਾ ਹੈ ਕਿ ਰੁਬਾਈ ਦਾ ਵਿਸ਼ਾ-ਵਸਤੂ ਕੋਈ ਵੀ ਹੋ ਸਕਦਾ ਹੈ। ਕਵੀ ਪਹਿਲੀਆਂ ਦੋ ਤੁਕਾਂ ਵਿਚ ਆਪਣੇ ਵਿਸ਼ੇ ਦਾ ਮੁੱਢ ਬੰਨ੍ਹਦਾ ਹੈ। ਤੀਸਰੀ ਤੁਕ ਵਿਚ ਕਵੀ ਦਾ ਆਸ਼ਾ ਆਪਣੇ ਸਿਖਰ ਵੱਲ ਨੂੰ ਜਾਂਦਾ ਹੈ। ਚੌਥੀ ਤੁਕ ਵਿਚ ਤੋੜਾ ਝੜਦਾ ਹੈ ਤੇ ਕਵੀ ਦਾ ਮੰਤਵ ਬਿਲਕੁਲ ਸਪਸ਼ਟ ਹੋ ਜਾਂਦਾ ਹੈ।

ਰੁਬਾਈ ਦੇ ਵਿਸ਼ਾ-ਵਸਤੂ ਦੀ ਭਿੰਨਤਾ ਨੂੰ ਸਪਸ਼ਟ ਕਰਨ ਲਈ ਅਸੀ ਕਰਤਾਰ ਸਿੰਘ ਪੰਛੀ ਦੀਆਂ ਰੁਬਾਈਆਂ ਵਿਚੋਂ ਹੀ ਅੱਗੇ ਜਾ ਕੇ ਕੁਝ ਉਦਾਹਰਨਾਂ ਪੇਸ਼ ਕਰਾਂਗੇ।

ਪੰਜਾਬੀ ਵਿਚ ਰੁਬਾਈ ਦੇ ਰਚਨ ਹਾਰਿਆਂ ਵਿਚ ਭਾਈ ਵੀਰ ਸਿੰਘ, ਡਾ.ਮੋਹਨ ਸਿੰਘ ਦੀਵਾਨਾ, ਧਨੀ ਰਾਮ ਚਾਤ੍ਰਿਕ, ਮੌਲਾ ਬਖ਼ਸ਼ ਕੁਸ਼ਤਾ, ਪ੍ਰੋ.ਮੋਹਨ ਸਿੰਘ ਅਤੇ ਦਰਸ਼ਨ ਸਿੰਘ ਅਵਾਰਾ ਤੋਂ ਇਲਾਵਾ ਅਵਤਾਰ ਸਿੰਘ ਆਜ਼ਾਦ, ਪਿਆਰਾ ਸਿੰਘ ਸਹਿਰਾਈ, ਵਿਧਾਤਾ ਸਿੰਘ ਤੀਰ, ਕਰਤਾਰ ਸਿੰਘ ਬਲੱਗਣ, ਬਰਕਤ ਰਾਮ ਯੁਮਨ ਆਦਿ ਨਾਂ ਵਰਣਨਯੋਗ ਹਨ। 20ਵੀਂ ਸਦੀ ਦੇ ਪਿਛਲੇ ਦੋ ਦਹਾਕਿਆਂ ਤੋਂ ਗ਼ਜ਼ਲ ਦੇ ਨਾਲ ਨਾਲ ਰੁਬਾਈ ਰਚਨ ਦਾ ਸ਼ੌਕ ਮੁੜ ਜਾਗਿਆ ਹੈ। ਡਾ.ਗੁਰਚਰਨ ਸਿੰਘ, ਕਰਤਾਰ ਸਿੰਘ ਪੰਛੀ, ਰਾਮ ਲਾਲ ਪ੍ਰੇਮੀ ਅਤੇ ਬਹੁਤ ਸਾਰੇ ਹੋਰ ਕਵੀ ਗ਼ਜ਼ਲ ਦੇ ਨਾਲ ਨਾਲ ਰੁਬਾਈਆਂ ਵੀ ਰਚ ਰਹੇ ਹਨ।

ਕਰਤਾਰ ਸਿੰਘ ਪੰਛੀ ਨੇ ਇਸ ਪੁਸਤਕ ਵਿਚ ਜਿਹੜੀਆਂ ਰੁਬਾਈਆਂ



Sri Satguru Jagjit Singh Ji eLibrary NamdhariElibrary@gmail.com

ਸ਼ਾਮਲ ਕੀਤੀਆਂ ਹਨ, ਉਹ ਫ਼ਾਰਸੀ ਦੀਆਂ ਬਹਿਰਾਂ ਦੀਆਂ ਅਨੁਸਾਰੀ ਨਹੀਂ ਹਨ। ਭਾਈ ਵੀਰ ਸਿੰਘ ਨੇ ਵੀ ਆਪਣੀਆਂ ਸਾਰੀਆਂ ਰੁਬਾਈਆਂ ਇਕੋ ਬਹਿਰ/ਛੰਦ ਵਿਚ ਕਹੀਆਂ ਹਨ। ਉਸ ਸਬੰਧੀ ਅਸੀਂ ਉਪਰ ਦੱਸ ਆਏ ਹਾਂ। ਉਹ ਛੰਦ ਹੈ ਦਵੱਈਆ ਜਿਸ ਵਿਚ ਪਹਿਲਾ ਵਿਸਰਾਮ 16 ਮਾਤਰਾਂ 'ਤੇ ਤੇ ਦੂਜਾ 12 ਮਾਤਰਾਂ 'ਤੇ ਆਉਂਦਾ ਹੈ। ਪੰਛੀ ਨੇ ਵੀ ਭਾਈ ਸਾਹਿਬ ਵਾਂਗ ਦਵੱਈਏ ਛੰਦ ਨੂੰ ਸੰਪੂਰਨ ਰੂਪ ਵਿਚ ਨਹੀਂ ਅਪਣਾਇਆ। ਕੇਵਲ ਉਸ ਦਾ ਵਜ਼ਨ ਲਿਆ ਹੈ ਅਰਥਾਤ 16+12=28 ਮਾਤਰਾਂ। ਇਸ ਤੋਲ ਵਿਚ ਵੀ ਜਿਵੇਂ ਭਾਈ ਵੀਰ ਸਿੰਘ ਨੇ ਕਿਤੇ ਕਿਤੇ ਖੁੱਲ੍ਹ ਲਈ ਹੈ, ਉਵੇਂ ਇਹ ਖੁੱਲ੍ਹ ਪੰਛੀ ਨੇ ਵੀ ਲਈ ਹੈ। ਖੁੱਲ੍ਹ ਵੀ ਸਿਰਫ ਇਹ ਕਿ 16 ਮਾਤਰਾਂ ਪਿਛੋਂ ਵਿਸਰਾਮ ਦੀ ਥਾਂ ਕੁਝ ਮਿਸਰਿਆਂ ਵਿਚ ਉਹ 28 ਮਾਤਰਾਂ ਪਿਛੋਂ ਹੀ ਵਿਸਰਾਮ ਲਾਉਂਦਾ ਹੈ।

ਰਹੀ ਗੱਲ ਕਰਤਾਰ ਸਿੰਘ ਪੰਛੀ ਦੀ ਇਸ ਛੁਟੇਰੀ ਸਿਨਫ਼ ਦੀਆਂ ਬਾਕੀ ਖੂਬੀਆਂ ਨੂੰ ਅਪਣਾਉਣ ਦੀ, ਉਸ ਵਿਚ ਵੀ ਉਹ ਬਹੁਤੀਆਂ ਰੁਬਾਈਆਂ ਵਿਚ ਸਫਲ ਰਿਹਾ ਹੈ ਪਰ ਇਹਨਾਂ ਰੁਬਾਈਆਂ ਰਾਹੀਂ ਉਸ ਨੇ ਪੰਜਾਬੀ ਰੁਬਾਈ ਨੂੰ ਇਕ ਨਵਾਂ ਵਿਸਤਾਰ ਦਿੱਤਾ ਹੈ। ਵਿਅੰਗ ਦੀ ਵਿਧੀ ਰਾਹੀਂ ਭ੍ਰਿਸ਼ਟ ਸਿਆਸਤ, ਪਰਪੰਚੀ ਧਾਰਮਿਕ ਸੰਸਥਾਵਾਂ, ਸਮਾਜਕ ਵਿਸੰਗਤੀਆਂ, ਸਭਿਆਚਾਰਕ ਤੇ ਸਾਹਿਤਕ ਅਸਾਵੇਂਪਣ ਵਿਚਲੇ ਕੁਹਜ ਨੂੰ ਕਟਾਖ, ਵਿਅੰਗ, ਮਸਖਰੀ ਤੇ ਛੇੜ-ਛਾੜ ਦੇ ਨਸ਼ਤਰ ਨਾਲ ਕੁਰੇਦਿਆ ਹੈ, ਜਿਥੇ ਇਹ ਵਿਧੀ ਨੂੰ ਨਹੀਂ ਅਪਣਾਇਆ, ਉਥੇ ਕੋਈ ਹੋਰ ਜੁਗਤ ਉਸ ਦੀ ਕਵਿਤਾ ਦੀ ਸ਼ੋਭਾ ਬਣਦੀ ਹੈ। ਅਸੀਂ ਹੇਠਾਂ ਇਸ ਪੁਸਤਕ ਵਿਚੋਂ ਕੁਝ ਰੁਬਾਈਆਂ ਦੇ ਰਹੇ ਹਾਂ, ਜਿਸ ਨਾਲ ਪੰਛੀ-ਕਾਵਿ ਦੀਆਂ ਥੀਮਿਕ ਇਕਾਈਆਂ ਦਾ ਗਿਆਨ ਵੀ ਹੋ ਜਾਵੇਗਾ ਤੇ ਕਾਵਿ ਜੁਗਤਾਂ ਦਾ ਵੀ :

**ਰਾਜਨੀਤੀ :**

ਖੁੱਲ੍ਹਾ ਕੁੜਤਾ ਅਤੇ ਪਜਾਮਾ, ਉਪਰ ਜਾਕਟ ਪਾਵੋ
ਸੋਹਣੀ ਭੂਰੀ ਸਜਦੀ ਬਣਦੀ, ਮੋਢਿਆਂ 'ਤੇ ਲਟਕਾਵੋ
ਫਿਰ ਲੋਕਾਂ ਦੀ ਛਿੱਲ ਉਤਾਰੋ, ਚਿੱਟੇ ਦਿਨ ਬਿਨ ਡਰ ਤੋਂ



Sri Satguru Jagjit Singh Ji eLibrary NamdhariElibrary@gmail.com

ਪਰ ਵੱਡੇ ਨੇਤਾ ਦੇ ਜਾ ਕੇ, ਗੋਡਿਆਂ ਨੂੰ ਹੱਥ ਲਾਵੇ।

**ਸਾਹਿਤ :**

ਵਿੱਚ ਗੋਸ਼ਟੀ ਜਾਵਾਂਗੇ ਇਹ ਤਾਂਘ ਸਦਾ ਹੈ ਰਹਿੰਦੀ
ਮਿੱਤਰਾਂ ਨਾਲ ਮਿਲਾਂਗੇ ਜਾ ਕੇ ਇਹੋ ਆਤਮਾ ਕਹਿੰਦੀ
ਬੰਦਿਆਂ ਵਾਂਗੂ ਗੱਲਾਂ ਕਰਦੇ ਸਭ ਕੁਝ ਸਮਝ 'ਚ ਆਵੇ
ਜਦ ਪੜ੍ਹਦੇ ਨੇ ਪਰਚਾ ਸਾਹਿਬ, ਕੁਝ ਵੀ ਸਮਝ ਨਾ ਪੈਂਦੀ।

ਕਹਿਣ ਮੁਕੱਰਰ, ਖ਼ੂਬ ਕਿਹਾ ਹੈ, ਆਖੋ ਫੇਰ ਦੁਬਾਰਾ
ਸ਼ਾਇਰ ਅਨਾੜੀ ਦਾ ਤਾਂ ਏਦਾਂ, ਚੜ੍ਹ ਜਾਂਦਾ ਹੈ ਪਾਰਾ
ਇਹ ਵੀ ਇੱਕ ਤਹਿਜ਼ੀਬ ਹੈ ਯਾਰੋ, ਉਰਦੂ ਵਾਲਿਆਂ ਅੰਦਰ
ਚੰਗੇ ਸ਼ਿਅਰ ਨੂੰ ਖ਼ੂਬ ਮਾਣਦੇ, ਭਰਦੇ ਰਹਿਣ ਹੁੰਗਾਰਾ।

**ਸਭਿਆਚਾਰ :**

ਵਿੱਚ ਕਲੱਬਾਂ ਮੰਮੀ ਪਾਪਾ, ਜਾਂਦੇ ਨੇ ਮੁਸਕਾ ਕੇ
ਕੋਈ ਫ਼ਿਕਰ ਨਾ ਉਹਨਾਂ ਤਾਈ, ਬਾਹਰੋਂ ਆਵਣ ਖਾ ਕੇ
ਨੌਕਰ ਚਾਕਰ ਮੁੰਡੂ ਘਰ ਵਿਚ, ਬੱਚੇ ਫਿਰਨ ਅਵਾਰਾ
ਕਰਦੇ ਡਾਂਸ ਬੈਡਰੂਮ ਵਿੱਚ, ਡਿਸਕੋ ਟੇਪਾਂ ਲਾ ਕੇ।

**ਨੈਤਿਕ ਮੁੱਲ:**

ਜਿਸ ਦੀ ਲੂਤਰੋ ਚਲਦੀ ਹੋਵੇ ਉਸ ਦੇ ਸੱਤ ਹਲ ਚਲਦੇ
ਸੂਝ ਸਿਆਣਪ ਵਾਲੇ ਮਾਹਤੜ, ਰਹਿ ਜਾਵਣ ਹੱਥ ਮਲਦੇ
ਚੜ੍ਹਦੇ ਸੂਰਜ ਕਰਨ ਸਲਾਮਾਂ, ਸਮੇਂ ਨਾਲ ਢਲ ਜਾਂਦੇ
'ਪੰਛੀਂ' ਕੌਣ ਮੁਹੱਬਤ ਕਰਦਾ, ਜਦ ਪਰਛਾਵੇਂ ਢਲਦੇ।

ਜੇ ਤੂੰ ਮਰ ਗਿਆ ਜੱਗ ਦੇ ਅੰਦਰ, ਕਿਹੜੀ ਪਰਲੋ ਆ ਜੂ
ਤੇਰੇ ਵਰਗੇ ਨੌਤੀ ਫਿਰਦੇ, ਫਿਰਨ ਹਿਲਾਉਂਦੇ ਬਾਜੂ
ਇਹ ਨਾ ਸਮਝ ਜਿੱਥੇ ਤੂੰ ਬੀਬਾ, ਓਥੇ ਹੀ ਚੰਨ ਚੜ੍ਹਦੈ
ਆਪਣੇ ਜੀਵਨ ਦੇ ਸਾਹਾਂ ਦਾ, ਫੜ ਕੇ ਰੱਖ ਤਰਾਜ਼ੂ।

ਮਾਂ ਆਖੇ ਪੁੱਤ ਇਹ ਨਹੀ ਚੰਗਾ, ਤੂੰ ਕਰਦੈਂ ਗੱਲ ਮਾੜੀ



Sri Satguru Jagjit Singh Ji eLibrary NamdhariElibrary@gmail.com

ਮੈਂ ਤਾਂ ਏਦਾਂ ਕਰੂੰਗਾ ਮਾਈ, ਜਾਵੇਂ ਰੋਜ਼ ਤੂੰ ਝਾੜੀ
ਮੈਂ ਤੈਨੂੰ ਜੰਮ ਕੇ ਕੀ ਖੱਟਿਆ, ਜੂਨ ਵਰਾਨ ਹੈ ਹੋਈ
ਮੈਂ ਕਿਹੜਾ ਅਪਲਾਈ ਕੀਤੈ, ਜੰਮਣ ਲਈ ਫੁੱਲਵਾੜੀ।

**ਸਮਾਜਿਕ, ਆਰਥਿਕ ਅਸਾਵਾਂਪਣ :**

ਪੈਸੇ ਬਾਝੋਂ ਆਸੇ ਪਾਸੇ ਸਾਰੇ ਨਫ਼ਰਤ ਕਰਦੇ
ਹੋਰਾਂ ਦੀ ਕੀ ਗੱਲ ਕਰੋਗੇ ਕਰਨ ਮਖੌਲਾਂ ਘਰ ਦੇ
ਜਿੱਥੇ ਹੋਵਣ ਤਵੇ ਪਰਾਂਤਾਂ, ਸਾਰੀ ਰਾਤ ਹੀ ਗਾਈਏ
ਬਿਨ ਮਾਇਆ ਦੇ ਰਾਗੀ ਵੀ ਹੁਣ ਨਹੀਂ ਕੀਰਤਨ ਕਰਦੇ।

**ਪ੍ਰਸਾਸ਼ਨ :**

ਮਾੜੇ ਕਰਮ ਜਿਨ੍ਹਾਂ ਦੇ ਹੋਵਣ, ਵਿੱਚ ਕਚਹਿਰੀ ਜਾਂਦੇ
ਭਰ ਕੇ ਜਾਂਦੇ ਜੇਬ ਆਪਣੀ, ਕਰ ਖਾਲੀ ਮੁੜ ਆਂਦੇ
ਬਿਨ ਪੈਸੇ ਤਾਂ ਚਪੜਾਸੀ ਵੀ, ਨੇੜੇ ਖੜ੍ਹਨ ਨਾ ਦੇਵੇ
ਰਿਸ਼ਵਤ ਬਾਝੋਂ ਕੁਝ ਨਹੀਂ ਹੁੰਦਾ, ਬਿਨ ਡਰ ਤੋਂ ਫਰਮਾਂਦੇ।

ਚੜ੍ਹ ਜਾ ਭਾਈ, ਚੜ੍ਹ ਜਾ ਮਾਈ, ਮਾਰੇ 'ਵਾਜ ਕੰਡਕਟਰ
ਮੂਹਰਲੀ ਬਾਰੀ ਥਾਣੀ ਚੜ੍ਹ ਜੋ, ਵਿਸਲ ਵਜਾਵੇ ਟਰ ਟਰ
ਇਹ ਬਸ ਨਾਨ ਸਟਾਪ ਹੈ ਬਾਬਾ, ਧੁਰ ਲੁਧਿਆਣੇ ਜਾਣੀ
ਕੁੱਪ, ਰਹੀੜੇ ਕਿਤੇ ਨਾ ਖੜ੍ਹਨੀ, ਕੈਸੇ ਮਾਰੇ ਫੈਂਟਰ।

**ਧਾਰਮਿਕ ਪਰਪੰਚ :**

ਚਲੋ ਚਾਲ ਦਾ ਡੇਰਾ ਏਥੇ, ਸਾਧੂ ਨੇ ਫਰਮਾਉਂਦੇ
ਕੁਝ ਵੀ ਨਾਲ ਨੀ ਜਾਣਾ ਭਾਈ, ਉੱਚੀ ਸੁਰ ਵਿੱਚ ਗਾਉਂਦੇ
ਪਰ ਉਹ ਆਪੂੰ ਵਿੱਚ ਝਮੇਲੇ, ਦੁਨੀਆਂ-ਦਾਰਾਂ ਵਾਂਗੂੰ
ਖਾਂਦੇ-ਪੀਂਦੇ, ਐਸ਼ ਉਡਾਉਂਦੇ, ਅਤਰ ਫਲੇਲ ਵੀ ਲਾਉਂਦੇ।

ਜਿੰਨ੍ਹਾਂ ਪਾਠਕਾਂ ਨੂੰ ਛੰਦ ਸ਼ਾਸਤਰ ਦਾ ਗਿਆਨ ਨਹੀਂ, ਉਹਨਾਂ ਨੂੰ ਪੰਛੀ ਦੀਆਂ ਕਈ ਰੁਬਾਈਆਂ ਦੇ ਕੁਝ ਕਾਫ਼ੀਏ ਤੇ ਰਦੀਫ਼ਾਂ ਵਿਚ ਐਬ ਨਜ਼ਰ ਆਵੇਗਾ ਪਰ ਜੋ ਬਹਿਰ-ਵਜ਼ਨ ਤੇ ਤੁਕਾਂਤ-ਮੇਲ ਤੇ ਵਿਧੀ-ਵਿਧਾਨ ਨੂੰ ਪੂਰੀ ਤਰ੍ਹਾਂ


Sri Satguru Jagjit Singh Ji eLibrary NamdhariElibrary@gmail.com

ਜਾਣਦੇ ਹਨ, ਉਹਨਾਂ ਨੂੰ ਪੰਛੀ ਦੀਆਂ ਰੁਬਾਈਆਂ ਇਸ ਪੱਖੋਂ ਦੋਸ਼-ਮੁਕਤ ਨਜ਼ਰ ਆਉਣਗੀਆਂ। ਇਹਨਾਂ ਰੁਬਾਈਆਂ ਦੀ ਸ਼ੈਲੀ ਪੂਰੀ ਤਰ੍ਹਾਂ ਸਰੋਤਾ ਮੁਖੀ ਹੈ। ਲੋਕ ਸੰਧ ਨੂੰ ਲੋਕ-ਭਾਸ਼ਾ ਵਿਚ ਕਾਵਿ-ਬੱਧ ਕੀਤਾ ਗਿਆ ਹੈ। ਕੋਈ ਗੁੰਝਲ ਨਹੀਂ, ਕੋਈ ਅਸਪਸ਼ਟਤਾ ਨਹੀਂ ਤੇ ਨਾ ਹੀ ਪੰਛੀ ਕਿਸੇ ਦੁਵਿਧਾ ਦਾ ਸ਼ਿਕਾਰ ਹੈ।

ਇਸ ਪੁਸਤਕ ਨਾਲ ਪੰਛੀ ਪੰਜਾਬੀ ਦੇ ਗਿਣਤੀ ਦੇ ਉਹਨਾਂ ਕਵੀਆਂ ਵਿਚ ਆ ਜਾਂਦਾ ਹੈ, ਜਿੰਨ੍ਹਾਂ ਨੇ ਵੱਡੀ ਮਾਤਰਾ ਵਿਚ ਰੁਬਾਈਆ ਲਿਖੀਆਂ ਹਨ ਤੇ ਉਹਨਾਂ ਕਵੀਆਂ ਵਿਚ ਵੀ ਸ਼ਾਮਲ ਹੋ ਜਾਂਦਾ ਹੈ ਜੋ ਕਵਿਤਾ ਵਿਚ ਵਿਅੰਗ ਤੇ ਕਟਾਖ ਦੀ ਵਿਧੀ ਲਈ ਚਰਚਾ ਵਿਚ ਰਹਿਣਗੇ। ਇਹਨਾਂ ਸ਼ਬਦਾਂ ਨਾਲ ਹੀ ਮੈਂ ਇਹ ਪੁਸਤਕ ਪਾਠਕਾਂ ਦੀ ਕਚਹਿਰੀ ਵਿਚ ਪੇਸ਼ ਕਰ ਰਿਹਾ ਹਾਂ।

ਐੱਸ.ਤਰਸੇਮ (ਡਾ.)

ਮਾਲੇਰਕੋਟਲਾ ਸੰਪਾਦਕ, ਨਜ਼ਰੀਆ

ਮਿਤੀ 30 ਜੂਨ, 2005



Sri Satguru Jagjit Singh Ji eLibrary NamdhariElibrary@gmail.com

# ਮੇਰੀ ਵੀ ਸੁਣੋ ਜੀ

'ਨਾ ਬੁਰਾ ਮਨਾਇਓ ਜੀ' ਦੀਆ ਰਚਨਾਵਾਂ ਕਿਵੇਂ ਵਿਚਾਰ ਅਧੀਨ ਆਈਆਂ ? ਤੇ ਫੇਰ ਪੁਸਤਕ ਰੂਪ ਵਿਚ ਛਪਣ ਛਪਾਣ ਦੀ ਖੇਚਲ ਕਿਉਂ ਕਰਨੀ ਪਈ ? ਮੈਂ ਤਾਂ ਜੀਵਨ ਵਿਚ ਕਾਫ਼ੀ ਕੁਝ ਲਿਖਿਆ ਤੇ ਪੁਸਤਕਾਂ ਵਿਚ ਅੱਗੜ-ਪਿੱਛੜ ਪ੍ਰਕਾਸ਼ਿਤ ਕ਼ਰਨ ਦਾ ਯਤਨ ਹੁੰਦਾ ਰਿਹਾ ਪਰ ਆਹ ਨਵਾਂ ਹੀ ਕੰਮ ਕਿਵੇਂ ਵਿਚ ਆ ਗਿਆ ? ਹਾਸ-ਵਿਅੰਗ ਦਾ। ਮੈਂ ਕਾਫ਼ੀ ਸਮੇਂ ਤੋਂ ਇਹ ਵਿਚਾਰਦਾ ਰਿਹਾ ਤੇ 'ਨਾ ਬੁਰਾ ਮਨਾਇਓ ਜੀ' ਦੀਆ ਹਾਸ-ਵਿਅੰਗ ਦੀਆਂ ਰਚਨਾਵਾ ਛਾਪਣ ਦੀ ਖੇਚਲ ਹੁਣ ਕਰ ਰਿਹਾ ਹਾਂ। ਹਾਂ, ਖਰਚ-ਖੇਚਲ ਤਾਂ ਹੁੰਦੀ ਹੀ ਹੈ ਪਰ ਸ਼ੌਂਕ ਅਧੀਨ ਆਪਣੀ ਅਤੇ ਲੋਕਾਂ ਦੀ ਖ਼ੁਸ਼ੀ ਲਈ ਇਹੋ ਜਿਹੇ ਕਾਰਜ ਵੀ ਕਰਨੇ ਹੀ ਪੈਂਦੇ ਹਨ। ਇਹ ਪੁਸਤਕ ਮੇਰੀ ਕੁਦਰਤੋਂ 10ਵੇਂ ਨੰਬਰ 'ਤੇ ਆਉਂਦੀ ਹੈ। ਪਹਿਲੋਂ ਨੌ ਪ੍ਰਕਾਸ਼ਨਾਵਾ ਛਪ ਚੁੱਕੀਆਂ ਹਨ। ਆ ਹੁਣੇ ਹੀ 2005 ਵਿਚ ਹੀ 'ਲੋਚਾ ਦਰਸ਼ ਦੀਦਾਰ ਦੀ' ਛਪੀ ਹੈ ਤੇ ਇਸ ਦਾ ਵਿਮੋਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਰਾਂ ਨੇ 26.3.2005 ਨੂੰ ਸ੍ਰੀ ਭੈਣ ਸਾਹਿਬ ਹੋਲੇ ਮੁਹੱਲੇ ਦੇ ਸਮਾਗਮ 'ਤੇ ਆਪਣੇ ਪਵਿੱਤਰ ਕਰ ਕਮਲਾਂ ਨਾਲ ਕੀਤਾ ਹੈ। 'ਨਜ਼ਰੀਆਂ' ਵਾਲੇ ਡਾ.ਐਸ.ਤਰਸੇਮ ਜੀ ਵੀ ਨਾਲ ਹੀ ਸਨ। ਇਹ ਕੋਈ ਆਮ ਜਿਹੀ ਖ਼ੁਸ਼ੀ ਨਹੀਂ। ਇਹ ਤਾ ਮੇਰੇ ਜੀਵਨ ਦਾ ਇਕ ਅਹਿਮ ਛਿਣ ਸਮਝੋ। ਖ਼ੁਸ਼ੀ ਤੋਂ ਬਾਹਰ ਦੀਆਂ ਬਾਤਾਂ ਹਨ ਤੇ ਦੂਜੀ ਪੁਸਤਕ 'ਦਿਲਾਸੇ' ਗ਼ਜ਼ਲ ਸੰਗ੍ਰਹਿ ਵੀ ਪ੍ਰਕਾਸ਼ਿਤ ਹੋ ਗਿਆ ਹੈ। ਉਹ ਵੀ ਪਾਠਕਾਂ ਵੱਲੋਂ ਵਡਿਆਇਆ ਜਾ ਰਿਹਾ ਹੈ। ਮਿਹਨਤ ਤਾਂ ਕਰਨੀ ਹੀ ਪੈਂਦੀ ਹੈ। ਭਾਵੇਂ ਹਾਲਾਤ ਕਿਹੋ ਜਿਹੇ ਵੀ ਹੋਣ। ਮੇਰਾ ਇਹ ਵਿਸ਼ਵਾਸ ਹੈ ਕਿ ਮਿਡਲ ਕਲਾਸ ਦੇ ਜੀਵਨ ਵਿਚ ਸਦਾ ਖਿੱਚੋਤਾਣ ਬਣੀ ਰਹਿੰਦੀ ਹੈ। ਨਾ ਉਤਾਂਹ ਹੁੰਦਾ ਹੈ, ਨਾ ਪਿਛਾਂਹ। ਇਸ ਵਾਸਤੇ ਚੰਗੇ ਸਮੇਂ ਦੀ ਉਡੀਕ ਵਿਚ ਹੀ ਕੰਮ ਠੱਪ ਨਹੀਂ ਕਰਨਾ ਚਾਹੀਦਾ। ਇਹ ਤਾਂ ਕੋਈ ਖ਼ੁਸ਼ੀ ਦਾ ਪਲ ਬੱਸ ਮੁਸ਼ਕਿਲ ਨਾਲ ਹੀ ਆਉਂਦਾ ਹੈ। ਯਤਨ ਕਰਨਾ ਹ਼ੀ ਬੰਦੇ



Sri Satguru Jagjit Singh Ji eLibrary NamdhariElibrary@gmail.com

ਦਾ ਕੰਮ ਹੈ। ਫਿਰ ਕੁਝ ਨਾ ਕੁਝ ਸਾਰਥਕ ਬਣਦਾ ਹੀ ਰਹਿੰਦਾ ਹੈ। ਆਪਣਾ ਘੋੜਾ ਭਜਾਉਂਦੇ ਰਹਿਣਾ ਚਾਹੀਦਾ ਹੈ ਤੇ ਆਪਣਾ ਸਾਹਿਤਕ ਘੋੜਾ ਭਜਾਈ ਜਾ ਰਿਹਾ ਹਾਂ। ਭਾਵੇਂ ਇਹ ਘੋੜਾ ਢੀਚਕ ਵੀ ਮਾਰਨ ਲੱਗ ਜਾਂਦਾ ਹੈ ਪਰ ਖਲੋਂਦਾ ਨਹੀਂ। ਤੁਰਨ ਵਿਚ ਹੀ ਲਾਭ ਹੈ। ਹਰਕਤ ਵਿਚ ਹੀ ਬਰਕਤ ਹੈ। ਸਿਆਣੇ ਇੰਜ ਹੀ ਆਖਦੇ ਹਨ। ਬਈ, ਸਿਆਣੇ ਬੰਦੇ ਦੀ ਗੱਲ ਮੰਨ ਲਈਏ ਤਾਂ ਲਾਭ ਹੀ ਲਾਭ ਹੈ। ਇਸ ਲਈ ਯਤਨਸ਼ੀਲ ਰਹਿਣਾ ਹੀ ਬਣਦਾ ਹੈ। ਕੀ ’ਕੱਲਾ ਬੰਦਾ ਹੀ ਤੁਰਦਾ ਰਹੇ, ਕੁਝ ਪ੍ਰਾਪਤ ਹੁੰਦਾ ਹੈ, ਇੰਜ ਨਹੀਂ। ਵੱਡਿਆਂ ਦਾ ਅਸ਼ੀਰਵਾਦ, ਮਿੱਤਰ ਸਾਥੀਆਂ ਦਾ ਸਹਿਯੋਗ, ਪਰਿਵਾਰ ਦੇ ਜੀਆਂ ਦਾ ਸੇਵਾ-ਸੰਭਾਲ ਦਾ ਸੁਹਿਰਦ ਤਰੀਕੇ ਨਾਲ ਕਰਨਾ ਵੀ ਬਹੁਤ ਜ਼ਰੂਰੀ ਹੈ, ਨਹੀਂ ਤਾਂ ਮੇਰੇ ਵਰਗਾ ਜਜ਼ਬਾਤੀ ਸ਼ਾਇਰ ਢੇਰੀ ਢਾਹ ਕੇ ਬਹਿ ਜਾਂਦਾ ਹੈ। ਕਿਹੜੀ ਸਾਹਿਤਕ ਰਚਨਾ, ਕਿਹੜੀਆਂ ਪੁਸਤਕਾਂ। ਕੁਝ ਵੀ ਸੰਭਵ ਨਹੀਂ। ਤੁਸੀ ਚੰਗੇ ਭਾਗਾਂ ਵਾਲੇ ਹੋ ਜੇ ਤੁਹਾਨੂੰ ਇਹ ਚੀਜ਼ਾਂ ਪ੍ਰਾਪਤ ਹੋਣ। ਹਾਂ, ਮੈਨੂੰ ਇੰਜ ਹੀ ਪ੍ਰਾਪਤ ਹੋਈਆਂ ਹਨ। ਮੈਂ ਕੋਈ ਬਹੁਤੀ ਅਕਲ ਵਾਲਾ ਬੰਦਾ ਨਹੀਂ ਹਾਂ। ਬੱਸ ਮੇਰੇ ’ਤੇ ਕੁਦਰਤੋਂ ਹੀ ਸਭ ਦਿਆਲ ਹਨ। ਮੈਂ ਇਹਨਾਂ ਸਭ ਦੀ ਦਿਆਲਤਾ ਦਾ ਦਿਲੋਂ ਸ਼ੁਕਰਗੁਜ਼ਾਰ ਹਾਂ। ਤਾਹੀਓਂ ਤਾਂ ਇਹ ਹਾਸ-ਵਿਅੰਗ ਦੀ ਪੁਸਤਕ ‘ਨਾ ਬੁਰਾ ਮਨਾਇਓ ਜੀ’ ਪ੍ਰਕਾਸ਼ਿਤ ਹੋ ਰਹੀ ਹੈ।

ਹਾਸ-ਵਿਅੰਗ ਦੀ ਵਿਆਖਿਆ ਵਿਦਵਾਨ ਲੋਕ ਜਿਵੇਂ ਮਰਜ਼ੀ ਕਰਨ, ਉਹ ਤਾਂ ਵਿਦਵਾਨ ਹਨ। ਵਾਲ ਦੀ ਖੱਲ ਲਾਹ ਕੇ ਛਡਦੇ ਹਨ। ਉਹਨਾਂ ਨੂੰ ਇਹ ਸਭ ਕੁਝ ਮੁਬਾਰਕ। ਮੈਂ ਤਾਂ ਇਹ ਸਮਝਦਾ ਹਾਂ ਕਿ ਹਾਸ-ਵਿਅੰਗ ਬੱਸ ਜਿਵੇਂ ਵਿੰਗਾ ਜਿਹਾ ਹਾਸਾ ਹੋਵੇ। ਹਾਸੇ ਵਾਲੀ ਗੱਲ ਵਿੰਗੇ ਜਿਹੇ ਤਰੀਕੇ ਨਾਲ ਆਖੀ ਜਾਵੇ। ਪੜ੍ਹਨ ਸੁਣਨ ਵਾਲਾ ਉਸ ਦਾ ਅਨੰਦ ਵੀ ਮਾਣੇ ਤੇ ਬੁਰਾ ਵੀ ਨਾ ਮਨਾਵੇ। ਮਨ ਹੀ ਮਨ ਵਿਚ ਖ਼ੁਸ਼ ਹੋਵੇ। ਕਹੇ ਕਿ ਗੱਲ ਤਾਂ ਠੀਕ ਆਖੀ ਹੈ। ਬੁਰਾ ਕਾਹਤੋਂ ਮਨਾਈਏ। ਬੱਸ ਵਿਚਾਲਾ ਜਿਹਾ ਮੇਲ ਹੋਵੇ। ਵਿਅੰਗ ਦੀ ਨਸ਼ਤਰ ਢਿੱਡ ਨਾ ਪਾੜੇ ਤੇ ਹਾਸਾ ਵੀ ਬੇ-ਫਜ਼ੂਲ ਨਾ ਹੋਵੇ। ਬੱਸ ਲਿਊਕਵਾਰਮ ਜਿਹਾ ਹੀ ਹੋਵੇ। ਨਾ ਠੰਡਾ ਨਾ ਤੱਤਾ। ਨਿੱਘਾ ਜਿਹਾ ਹੀ ਕੁਝ ਹੋਵੇ ਜੋ ਮਨ ਨੂੰ ਸੁੱਖ,


Sri Satguru Jagjit Singh Ji eLibrary NamdhariElibrary@gmail.com

ਹੁਲਾਸ, ਖ਼ੁਸ਼ੀ ਦੇਵੇ ਤੇ ਬੱਸ ਇੰਜ ਹੀ ਸਮਝ ਲਵੋ ਮੇਰੇ ਵਿਚਾਰ।

ਜੀਵਨ ਦੇ ਸਾਹਿਤਕ ਸਫ਼ਰ ਵਿਚ ਕੁਝ ਇਹੋ ਜਿਹੇ ਸਮੇਂ ਵੀ ਆ ਜਾਂਦੇ ਹਨ ਜੋ ਤੁਹਾਨੂੰ ਕੁਝ ਕਰਨ ਲਈ ਬਲ-ਬਖਸ਼ਦੇ ਹਨ। ਤੁਸੀ ਕੋਈ ਨਵੀਂ ਗੱਲ ਪੈਦਾ ਕਰਨ ਦੇ ਯੋਗ ਹੋ ਜਾਂਦੇ ਹੋ। ਭਾਵੇਂ ਮੈਂ ਸੁਭਾ ਵੱਲੋਂ ਕਾਫੀ ਵਿਨੋਦ ਪ੍ਰਿਯਾ ਹਾਂ ਪਰ ਰਚਨਾਵਾਂ ਤਾਂ ਹੋਰ ਕਿਸਮ ਦਾ ਹੀ ਪੱਖ ਹੈ। ਇਹ ਤਾਂ ਗਹਿਰ ਗੰਭੀਰ ਮਸਲਾ ਹੈ। ਸਾਹਿਤਕ ਰਚਨਾ ਕਰਨੀ ਕੋਈ ਸੁਖਾਲਾ ਕੰਮ ਨਹੀਂ ਪਰ ਕਈ ਵਾਰ ਸਮਾਂ ਤੇ ਕੁਝ ਸਾਥੀ/ਸਹਿਯੋਗੀ ਮਿਲ ਜਾਂਦੇ ਹਨ, ਜਿਨ੍ਹਾਂ ਦੀ ਪ੍ਰੇਰਨਾ ਸਦਕਾ ਕੁਝ ਸਾਰਥਕ ਹੋ ਜਾਂਦਾ ਹੈ।

ਅਸੀਂ ਸਾਹਿਤ ਪ੍ਰੇਮੀ ਜਦੋਂ ਜ਼ਿਲ੍ਹਾ ਭਰ ਵਿਚ ਕਵੀ ਦਰਬਾਰ ਕਰਿਆ ਕਰਦੇ ਸੀ ਤਾਂ ਰਾਤ ਸਮੇਂ ਇਕੱਠੇ ਹੀ ਇਕ ਸਥਾਨ 'ਤੇ ਵਿਚਰਦੇ ਸੀ। ਬੜੀ ਮਗਜੌਲੀ ਮਾਰਦੇ ਸੀ ਪਰ ਉਹ ਰਚਨਾਵਾਂ ਛਪਣ ਯੋਗ ਥੋੜ੍ਹੀਆਂ ਹਨ। ਸਾਹਿਤ ਦਾ ਆਪਣਾ ਇਕ ਰੂਪ ਹੈ ਸੋਹਣਾ, ਸੁੰਦਰ, ਪੜ੍ਹਨ ਤੇ ਮਾਣਨਯੋਗ। ਭਾਵੇਂ ਉਹ ਗੱਲਾਂ ਰਚਨਾਵਾਂ ਦਾ ਰੂਪ ਤਾਂ ਨਹੀ ਧਾਰ ਸਕਦੀਆਂ ਪਰ ਹਾਸਾ-ਠੱਠਾ ਤਾਂ ਮਨ ਵਿਚ ਪ੍ਰਵੇਸ਼ ਕਰਦਾ ਹੀ ਹੈ। ਚਲੋ ਛੱਡੋ ਏਸ ਵਿਚਾਰ ਨੂੰ ਐਥੇ ਹੀ।

24.6.1979 ਨੂੰ ਪੰਜਾਬੀ ਸਾਹਿਤ ਸਭਾ ਮਾਲੇਰਕੋਟਲਾ ਦੀ ਸਥਾਪਨਾ ਹੋਈ। ਮੈਨੂੰ ਪ੍ਰਧਾਨ ਬਣਾ ਲਿਆ, ਗੁਰਦੀਪ ਭਾਟੀਆ ਜਨਰਲ ਸਕੱਤਰ, 'ਨਾਜ਼' ਭਾਰਤੀ ਸਨ ਪ੍ਰੋਗਰਾਮ ਨੇਪਰੇ ਚਾੜ੍ਹਨ ਵਾਲਾ, ਬਾਅਦ ਵਿਚ ਜਨਰਲ ਸਕੱਤਰ। ਦਾਸ ਰਾਮ ਦੋਸ਼ੀ ਖ਼ਜ਼ਾਨਚੀ, ਮੁਹਿੰਦਰਦੀਪ ਆਡੀਟਰ ਬਣਗੇ ਤੇ ਸਚਿਆਰ ਕੋਮਲ ਸਹਾਇਕ ਸਕੱਤਰ। ਇਹ ਬੰਦੇ ਵਿਨੋਦ ਪ੍ਰਿਯ ਸਮਝੋ। ਕੁਝ ਜਾਗ ਲੱਗਿਆ। ਸਾਹਿਤਕ ਬੈਠਕਾਂ ਹਰ ਮਹੀਨੇ ਹੁੰਦੀਆਂ। ਸਾਡਾ ਸੰਪਰਕ 'ਨਵਾਂ ਸਾਹਿਤ' ਪੰਜਾਬੀ ਰਸਾਲਾ ਸ੍ਰ.ਪਿਆਰਾ ਸਿੰਘ ਦਾਤਾ ਜੀ ਦਿੱਲੀ ਨਾਲ ਹੋਇਆ। ਦਾਤਾ ਜੀ ਨਾਲ ਐਸਾ ਸੰਪਰਕ ਹੋਇਆ, ਅਸੀਂ ਵੀਹ ਰਸਾਲੇ ਹਰ ਮਹੀਨੇ ਮੰਗਵਾਂਦੇ ਤੇ ਪੈਸੇ ਉਹਨਾਂ ਨੂੰ ਭੇਜ ਦਿੰਦੇ। ਇਹ ਕੰਮ ਗੁਰਦੀਪ ਭਾਟੀਆ ਹੀ ਕਰਦੇ ਸਨ। ਸਾਡੀਆਂ ਰਚਨਾਵਾਂ ਛਪਣ ਲੱਗੀਆਂ। ਇਸ ਰਸਾਲੇ ਰਾਹੀ ਹੀ ਹਾਸ-ਵਿਅੰਗ ਦੇ ਸਾਹਿਤਕਾਰਾਂ ਨਾਲ ਵੀ ਰਾਬਤਾ ਬਣਿਆ। ਸਾਨੂੰ ਐਸਾ ਚਾਅ



Sri Satguru Jagjit Singh Ji eLibrary NamdhariElibrary@gmail.com

ਚੜ੍ਹਿਆ, ਅਸੀਂ ਸਭਾ ਵੱਲੋਂ ਹਾਸ-ਵਿਅੰਗ ਦਾ ਸਮਾਗਮ ਕੀਤਾ। ਕੋਈ ਵੀ ਪੰਜਾਬੀ ਵਿਚ ਇਸ ਵਿਧਾ ਵਾਲਾ ਬੰਦਾ ਸੰਪਰਕ ਕਰਨ ਤੋਂ ਨਹੀਂ ਛੱਡਿਆ। ਸਮਾਗਮ ਹੋਇਆ ਟੌਰੀਫਾਈਡ। ਧੰਨ ਧੰਨ, ਬੱਲੇ ਬੱਲੇ ਹੋ ਗਈ। ਜੋ ਮਹਾਂਰਥੀ ਇਸ ਸਮਾਗਮ ਵਿਚ ਆਏ, ਵੇਖੋ : ਪਿਆਰਾ ਸਿੰਘ ਦਾਤਾ ਦਿੱਲੀ, ਜਗਦੀਸ਼ ਪ੍ਰਸ਼ਾਦਿ ਕੌਸ਼ਿਕ ਕਰਨਾਲ ਹਰਿਆਣਾ, ਅਨੰਤ ਸਿੰਘ ਕਾਬਲੀ ਮੁਹਾਲੀ, ਜੇ.ਐਲ.ਨੰਦਾ ਖਮਾਣੋਂ, ਦਲੀਪ ਸਿੰਘ ਭੁਪਾਲ ਤੇ ਕੇ.ਐਲ.ਗਰਗ ਮੋਗਾ, ਨਵਰਾਹੀ ਘੁਗਿਆਣਵੀ ਫ਼ਰੀਦਕੋਟ, ਸਾਧੂ ਸਿੰਘ ਬੇਦਿਲ ਬਰਨਾਲਾ, ਇਕ ਸਾਥੀ ਜ਼ੀਰਾ ਤੋਂ ਆਇਆ ਤੇ ਹੋਰ ਬਹੁਤ ਸਾਰੇ। ਸ੍ਰ.ਗੁਰਨਾਮ ਸਿੰਘ ਤੀਰ ਜੀ ਨਾ ਆ ਸਕੇ ਪਰ ਬੜਾ ਪਿਆਰਾ ਪੱਤਰ ਆਇਆ, ਸ਼ੁਭ ਇਛਾਵਾਂ ਵਾਲਾ। ਸ੍ਰ.ਸੂਬਾ ਸਿੰਘ ਜੀ ਬੀਮਾਰੀ ਕਾਰਨ ਨਾ ਆ ਸਕੇ। ਅਖ਼ਬਾਰਾਂ ਵਿਚ ਖ਼ੂਬ ਚਰਚਾ ਹੋਇਆ। ਸਾਨੂੰ ਹੌਸਲਾ ਮਿਲਿਆ। ਬਹੁਤ ਸਾਰੇ ਹਾਸ-ਵਿਅੰਗ ਦੇ ਸਮਾਗਮ ਸਾਡੀ ਰੀਸੋ-ਰੀਸ ਸਾਹਿਤ ਸਭਾਵਾਂ ਨੇ ਉਦੋਂ ਕੀਤੇ ਸਨ।

ਉਸ ਸਮੇਂ ਮੈਂ ਕਾਫੀ ਗ਼ਜ਼ਲਾਂ ਹਾਸ-ਵਿਅੰਗ ਦੀਆਂ ਲਿਖੀਆਂ ਜੋ ਅਖ਼ਬਾਰਾਂ ਵਿਚ ਛਪੀਆਂ। ਕੁਝ ਰੁਬਾਈਆਂ ਦੀ ਰਚਨਾ ਵੀ ਹੋਈ। ਇਹ ਗ਼ਜ਼ਲਾਂ ਤਾਂ ਮੈਂ 'ਸਮੇਂ ਨੂੰ ਕੀ ਆਖਾਂ' ਪੁਸਤਕ ਵਿਚ ਛਾਪ ਦਿੱਤੀਆਂ ਸੀ। ਇਹ ਸਾਂਭੀਆਂ ਗਈਆਂ। ਭਾਵੇਂ ਮੈਂ ਇੰਜ ਨਹੀਂ ਸੀ ਕਰਨਾ ਚਾਹੁੰਦਾ ਪਰ ਇਹ ਕਿਤੇ ਐਵੇਂ ਹੀ ਰੁਲ ਨਾ ਜਾਣ, ਸਾਂਭੀਆਂ ਗਈਆਂ, ਚੰਗਾ ਹੋਇਆ। ਜਦ ਇਹ 'ਨਾ ਬੁਰਾ ਮਨਾਇਓ ਜੀ' ਪੁਸਤਕ ਛਾਪਣ ਦਾ ਪਹਿਲਾਂ ਵਿਚਾਰ ਬਣਿਆ ਜੋ ਹੁਣ ਰੂਪ ਰੇਖਾ ਬਣੀ ਹੈ, ਇੰਜ ਨਹੀਂ ਸੀ। ਉਦੋਂ ਤਾਂ ਇਹ ਇੰਜ ਕਰਨਾ ਸੀ—ਇਕ ਗੀਤ ਪੰਜ-ਚਾਰ ਬੰਦਾਂ ਦਾ ਹੋਵੇ, 50 ਕੁ ਰੁਬਾਈਆਂ ਤੇ 15-20 ਕੁ ਗ਼ਜ਼ਲਾਂ ਜੋ ਪਹਿਲਾਂ ਪੁਸਤਕਾਂ ਵਿਚ ਸਾਂਭੀਆਂ ਸਨ, ਉਹ ਲੈ ਲਈਆਂ ਜਾਣ ਪਰ ਇਹ ਉਦੋਂ ਨਾ ਹੋਇਆ। ਹਾਲਾਤ ਕਿਵੇਂ ਕਿਵੇਂ ਦੇ ਹੋ ਗਏ। ਸਭ ਕੁਝ ਘੁਰਲ, ਉਲਟਾ-ਪੁਲਟਾ ਤੇ ਬੱਸ ਪ੍ਰੇਸ਼ਾਨੀਆਂ, ਨਜ਼ਾਰੇਦਾਰ। ਭਾਣਾ ਮਨਾ ਕੇ ਛੱਡਿਆ ਹਾਲਾਤ ਨੇ। ਏਧਰ ਨੂੰ ਨਹੀਂ ਜਾਣਾ, ਐਨਾ ਹੀ ਕਾਫੀ ਹੈ। 15.8.2003 ਨੂੰ ਕਨੇਡਾ ਚਲਾ ਗਿਆ, ਬੱਚਿਆ ਨਾਲ। ਉਥੇ ਸਵਾ ਸਾਲ ਰਿਹਾ। ਇਸ ਪੁਸਤਕ ਬਾਰੇ ਉਦੋਂ ਤਕ ਕੁਝ



Sri Satguru Jagjit Singh Ji eLibrary NamdhariElibrary@gmail.com

ਵੀ ਨਾ ਹੋਇਆ। ਨਾ ਮੁਢਲਾ ਗੀਤ ਲਿਖਿਆ ਗਿਆ, ਨਾ ਕੋਈ ਹੋਰ ਰੁਬਾਈ ਪਰ ਕਨੇਡਾ ਟਰਾਂਟੋ ਰਹਿੰਦਿਆਂ ਇਸ ਪੁਸਤਕ ਦੀਆਂ ਲੜੀਆਂ ਜੁੜਨ ਲੱਗੀਆਂ। ਸਮਾਂ ਮਿਲ ਗਿਆ। ਭਾਵੇਂ ਸਰੀਰ ਢਿੱਲਮ-ਢਿੱਲਾ ਪਰ ਹੋਰ ਹਰ ਤਰ੍ਹਾਂ ਨਾਲ ਬੱਚਿਆਂ ਦਾ ਸਹਿਯੋਗ, ਹੌਸਲਾ, ਉਤਸ਼ਾਹ ਮਿਲਿਆ। ਬੰਦੇ ਨੂੰ ਹੋਰ ਕੀ ਚਾਹੀਦਾ ਹੈ। 60-70 ਦੇ ਕਰੀਬ ਮੈਨੂੰ ਰੁਬਾਈਆਂ ਖਿੰਡੀਆਂ ਪੁੰਡੀਆਂ ਮਿਲ ਗਈਆਂ, ਗੀਤ/ਕਵਿਤਾ ਵੀ ਲਿਖੀ ਗਈ ਤੇ ਰੁਬਾਈਆਂ 150 ਦੇ ਕਰੀਬ ਪੂਰੀਆ ਕਰ ਲਈਆਂ। ਇਹਨਾਂ ਦੇ ਸਿਰਲੇਖ ਵੀ ਲਿਖ ਲਏ ਤੇ ਖਰੜਾ ਤਿਆਰ ਹੋ ਗਿਆ। ਛਾਪਣ ਵਾਲੀ ਤਾਂ ਉਥੇ ਹਾਲੇ ਕੋਈ ਗੱਲ ਨਹੀਂ ਸੀ ਬਣਦੀ ਪਰ 'ਜੀਵੇ ਆਸਾ, ਮਰੇ ਨਿਰਾਸ਼ਾਂ' ਵਾਲੀ ਗੱਲ ਸਮਝੋ। ਨਿਰਾਸ਼ ਤਾਂ ਹੋਣ ਦਾ ਮਤਲਬ ਹੀ ਨਹੀਂ। ਕੰਮ ਭਾਵੇਂ ਸਹਿਜ ਨਾਲ ਹੋਵੇ, ਹੋ ਜਾਵੇ—ਅਗੇਤ-ਪਛੇਤ। ਬੱਚਿਆਂ ਨੇ ਸੇਵਾ ਸੰਭਾਲ ਦੀ ਧੰਨ ਧੰਨ ਕਰਵਾ ਦਿੱਤੀ।

ਰਾਮ ਦੀ ਰਜ਼ਾ ਐਸੀ ਹੋਈ ਇਕਦਮ ਹੀ ਪੰਜਾਬ ਇੰਡੀਆ ਆਣ ਦਾ ਪ੍ਰੋਗਰਾਮ ਬਣ ਗਿਆ। ਮੁਹਾਲੀ 6 ਫੇਜ਼, 100 ਨੰਬਰ ਦੀ ਕੋਠੀ ਵਿਚ ਨਿਵਾਸ ਕਰ ਲਿਆ। ਹੁਣ ਏਥੇ ਬੰਦਾ 'ਕੱਲਾ ਨਹੀਂ ਸੀ ਰਹਿ ਸਕਦਾ। ਦਾਮਾਦ ਸੁਰਜੀਤ ਸਿੰਘ/ਬੇਟੀ ਅਮਰਜੀਤ ਕੌਰ ਹੁਰਾਂ ਨੇ ਮੇਰੀ ਸਾਂਭ ਸੰਭਾਲ ਲਈ ਪ੍ਰਬੰਧ ਕੀਤਾ ਤੇ ਮੈਨੂੰ ਕਿਵੇਂ ਟਰਾਂਟੋ ਤੋਂ ਸਮਝਾ ਕੇ ਤੋਰਿਆ, ਉਹ ਵੀ ਪੂਰਾ ਤਸੱਲੀ ਵਾਲਾ ਸੀ। ਮੈਨੂੰ ਸਹਿਯੋਗ ਦੇਣ ਵਾਲਾ ਤੇ ਸਾਂਭ ਸੰਭਾਲ ਕਰਨ ਵਾਲਾ ਇਕ ਸਿਆਣਾ ਸੂਝਵਾਨ ਨੌਜਵਾਨ ਡਾ.ਜੀਤ ਸਿੰਘ ਮਿਲ ਗਿਆ। ਜੋ ਡਾਕਟਰੀ ਕਿੱਤੇ ਵਿਚ ਵੀ ਤਜਰਬੇਕਾਰ ਨੌਜਵਾਨ ਹੈ। ਮੇਰੀ ਸਾਭ ਸੰਭਾਲ ਦੀ ਚਿੰਤਾ ਮੁੱਕ ਗਈ। ਡਾ.ਜੀਤ ਸਿੰਘ ਸੁਰਜੀਤ ਸਿੰਘ ਦਾ ਵੱਡਾ ਵੀਰ ਹੈ। ਹਰ ਤਰ੍ਹਾਂ ਦਾ ਰਹਿਣ ਸਹਿਣ ਦਾ ਇੰਤਜ਼ਾਮ ਪੂਰਾ ਸੀ, ਹੌਲੀ ਹੌਲੀ ਘਾਟ-ਵਾਧ ਪੂਰੀ ਹੁੰਦੀ ਰਹੀ। ਪੁਸਤਕਾਂ ਤਾਂ ਛਪਵਾਣੀਆਂ ਹੀ ਸਨ। 6 ਨਵੰਬਰ, 2004 ਨੂੰ ਮੁਹਾਲੀ ਪੁੱਜ ਗਏ ਸੀ। ਕੁਝ ਦਿਨ ਤਾਂ ਤੌਰ-ਭੌਰ ਜਿਹਾ ਹੀ ਰਿਹਾ, ਮਨ-ਬਿਰਤੀ ਹੋਰੂੰ ਹੋਰੂੰ ਹੋਈ ਜਾਵੇ। ਜਿਵੇਂ ਸਫ਼ਰ ਵਿਚ ਹਵਾਈ ਜਹਾਜ਼ ਵਿਚ ਹੀ ਮੌਜਾਂ ਮਾਣ ਰਹੇ ਹੋਈਏ। ਜੁਆਕ-ਜੱਲਾ ਯਾਦ ਆਈ ਜਾਵੇ। ਹੁਣ ਸਿਹਤ ਤਾਂ ਕਾਫੀ ਠੀਕ ਸੀ ਪਰ ਸਵਾ ਸਾਲ



Sri Satguru Jagjit Singh Ji eLibrary NamdhariElibrary@gmail.com

ਕਨੇਡਾ ਰਹਿ ਕੇ ਐਥੇ ਆ ਕੇ ਵਾਤਾਵਰਨ ਮੇਚ ਨਾ ਆਇਆ ਜਾਂ ਕੁਝ ਹੋਰ ਸਮਝੋ। ਦੋ ਕੁ ਹਫਤੇ ਬਾਅਦ ਬੁਖਾਰ ਹੋ ਗਿਆ। ਬੁਖਾਰ ਦਾ ਇਲਾਜ ਡਾ.ਜੀਤ ਸਿੰਘ ਨੇ ਹੀ ਕੀਤਾ। ਫੇਰ ਹੋਰ ਸਰੀਰ ਦੀਆਂ ਔਕੜਾਂ ਹੋਈਆਂ। ਕਦੇ ਕਬਜ਼ੀ, ਕਦੇ ਲੂਜ਼ ਮੋਸ਼ਨ। ਪਿੱਠ ਵਿਚ ਦਰਦ ਨੇ ਨਾਨੀ ਯਾਦ ਕਰਾ 'ਤੀ। ਸਰੀਰ ਬਹੁਤ ਕਮਜ਼ੋਰੀ ਮੰਨ ਗਿਆ। ਭਾਵੇਂ ਬੀਮਾਰੀ ਨੂੰ ਆਪਣੇ 'ਤੇ ਭਾਰੂ ਨਹੀਂ ਹੋਣ ਦਿੱਤਾ ਪਰ ਕਮਜ਼ੋਰੀ ਤਾਂ ਕਮਜ਼ੋਰੀ ਹੀ ਹੈ। ਵਜਾ ਵਿਗਾੜ 'ਤੀ ਇਸ ਹਾਲਤ ਨੇ। ਪਰ ਮੈਨੂੰ ਹਰ ਤਰ੍ਹਾਂ ਨਾਲ ਸੇਵਾ ਸੰਭਾਲ ਦੀ ਸਹੂਲਤ ਡਾ.ਜੀਤ ਸਿੰਘ ਵੱਲੋਂ ਮਿਲਦੀ ਰਹੀ। ਫੇਰ ਤਕੜੇ ਹੋ ਗਏ। ਆਪਣੀ ਲਿਖਣ ਦੀ ਆਦਤ ਨਾ ਛੱਡੀ। ਇਸੇ ਦੌਰਾਨ ਇਕ ਹੋਰ ਕੰਮ ਵੀ ਨਾਮਧਾਰੀ ਸਤਿਗੁਰੂਆਂ ਬਾਰੇ ਮੇਰਾ ਆਰੰਭਿਆ ਹੋਇਆ ਸੀ, ਕਨੇਡਾ ਰਹਿੰਦੇ ਹੋਏ ਹੀ। ਉਹ ਵੀ ਕਰ ਰਿਹਾ ਸੀ। ਦੋ ਢਾਈ ਵਜੇ ਅੱਖ ਖੁਲ੍ਹਦੀ ਹੀ ਸੀ। ਭਾਵੇਂ ਇਸ਼ਨਾਨ ਆਦਿ ਤਾਂ ਨਹੀਂ ਸੀ ਹੁੰਦਾ ਪਰ ਰਚਨਾ ਦਾ ਆਵੇਸ਼ ਰਹਿੰਦਾ ਸੀ ਤੇ ਉਹ ਵੀ ਹੋਈ ਗਿਆ। ਮੁਹਾਲੀ ਵਿਚ ਰਹਿੰਦਿਆਂ ਮੁਹਾਲੀ ਵਾਲੇ ਸਾਹਿਤਕਾਰ ਸਾਥੀਆਂ ਨੇ ਮਿਲਵਰਤਣ ਵਾਲੀ ਕਮਾਲ ਹੀ ਕਰ ਦਿੱਤੀ। ਮੈਂ ਪਹਿਲੋਂ ਵੀ ਕਿਤੇ ਉਹਨਾਂ ਦਾ ਜ਼ਿਕਰ ਕਰ ਚੁੱਕਾ ਹਾਂ। ਮਨਮੋਹਨ ਸਿੰਘ ਦਾਊਂ, ਦਿਲਜੀਤ ਕੌਰ ਦਾਊਂ, ਪੂਰਨ ਸਿੰਘ ਕਿਰਤੀ, ਗੁਰਨਾਮ ਕੰਵਰ, ਸੇਵੀ ਰਾਇਤ ਖ਼ਬਰ-ਸਾਰ ਲੲੀ ਪੂਰੀ ਖੇਚਲ ਕਰਦੇ ਰਹੇ। ਕੁਰਬਾਨ ਜਾਵਾਂ ਇਹਨਾਂ ਦੇ ਮੋਹ ਦੇ। 20.2.2005 ਨੂੰ ਖਰੜ/ਮੁਹਾਲੀ ਸਾਹਿਤ ਸਭਾਵਾਂ ਵੱਲੋਂ ਮੇਰਾ ਸਨਮਾਨ ਵੀ ਕੀਤਾ ਗਿਆ। ਸਮਾਗਮ ਫੱਨੇ, ਸਿਫ਼ਤ ਕਰਨ ਨੂੰ ਜੀਅ ਕਰਦਾ ਹੈ। ਇਹ ਸ੍ਰੀ ਮਨਮੋਹਨ ਸਿੰਘ ਦਾਊਂ ਜੀ ਅਤੇ ਸਾਥੀਆਂ ਵੱਲੋਂ ਸੀ। ਇਹ ਸਭ ਬੰਦੇ ਮਨ ਨੂੰ ਮੋਹ ਲੈਣ ਵਾਲੇ ਹਨ। ਉੱਚ ਕੋਟੀ ਦੇ ਸਾਹਿਤਕਾਰ ਹਨ ਇਹ ਬੰਦੇ। ਮੇਰੀ ਬੇਟੀ ਰਾਣੀ ਤੇ ਜਵਾਈ ਇਕਬਾਲ ਸਿੰਘ ਤੇ ਬੱਚੇ ਸੋਨੂੰ ਤੇ ਮੰਮੂ ਵੀ ਆਮ ਹੀ ਮਿਲਦੇ ਰਹਿੰਦੇ ਸਨ, ਖ਼ਬਰ-ਸਾਰ ਰਖਦੇ ਸਨ। ਅਸੀਂ ਮੁਹਾਲੀ ਹੀ ਰਹਿਣਾ ਸੀ ਕੁਝ ਸਮੇਂ ਵਾਸਤੇ ਪਰ ਇਕਦਮ ਹੀ ਪ੍ਰੋਗਰਾਮ ਬੱਚਿਆਂ ਨੇ ਬਣਾਇਆ ਕਿ 24.2.2005 ਨੂੰ ਆਪਣਾ ਬੋਰੀਆ ਬਿਸਤਰਾ ਗੋਲ ਕਰਕੇ ਮਾਲੇਰਕੋਟਲਾ ਡੇਰਾ ਲਾ ਲਿਆ। ਹੁਣ ਏਥੇ ਘਰ ਦੀ ਹਾਲਤ—ਕਿਆ ਬਾਤਾਂ



Sri Satguru Jagjit Singh Ji eLibrary NamdhariElibrary@gmail.com

ਨੇ। ਕਈ ਵਰ੍ਹਿਆਂ ਤੋਂ ਸਾਂਭ ਸੰਭਾਲ ਤਾਂ ਹੋਈ ਨਹੀਂ ਸੀ ਘਰ ਦੀ ਤੇ ਕਾਫੀ ਕੁਝ ਕਰਨ ਵਾਲਾ ਨਜ਼ਰ ਆ ਰਿਹਾ ਸੀ। ਘਰ ਵੀ ਵੀਰਾਨ ਮਨ ਵਾਂਗ ਪ੍ਰੇਸ਼ਾਨ ਜਾਪਿਆ। ਇਕ ਵਾਰ ਤਾਂ ਖਾਨਿਓਂ ਗਈ। ਬੰਦਾ 'ਪੰਛੀ' ਵੀ ਪੂਰਾ ਢੀਠ ਹੈ —ਹਾਰ ਮੰਨਣ ਵਾਲਾ ਨਹੀਂ। ਮਨ ਤਕੜਾ ਕਰ ਡਾ.ਜੀਤ ਸਿੰਘ ਨਾਲ ਰਾਏ ਕਰ, ਬੱਚਿਆਂ ਨਾਲ ਸਲਾਹ-ਮਸ਼ਵਰਾ ਕਰ ਘਰ ਵਿਚ ਜੋ ਟੁੱਟ ਭੱਜ ਕਰਨ ਕਰਾਣ ਵਾਲੀ ਸੀ, ਸ਼ੁਰੂ ਕਰ ਦਿੱਤੀ। ਇਹ ਕੰਮ 9.3.2005 ਤੋਂ ਆਹ ਸਤਰਾਂ ਲਿਖਣ ਤੱਕ—19.5.2005 ਹੋਇਆ ਹੈ। ਖਰਚ ਖੇਚਲ ਵਿਤੋਂ ਬਾਹਰ ਪਰ ਘਰ ਕਬੂਤਰੀ ਵਰਗਾ ਬਣਾ ਲਿਆ ਹੈ। ਹੁਣ ਜੀਅ ਲਗਦਾ ਹੈ। ਰਿਸ਼ਤੇਦਾਰ ਮਿਲਦੇ ਹਨ, ਮਿੱਤਰ ਪਿਆਰੇ ਦਿਲਾਸੇ ਦਿੰਦੇ ਹਨ। ਪਿਆਰੇ ਬੱਚਿਆਂ ਦੇ ਵਿਦੇਸ਼ੋਂ ਰੋਜ਼ ਹੀ ਟੈਲੀਫੋਨ ਖੜਕਦੇ ਹਨ। ਬੁੜ੍ਹਾ ਬੰਦਾ ਫੇਰ ਤੁੜ੍ਹਕ ਪਿਆ ਹੈ ਤੇ 'ਨਾ ਬੁਰਾ ਮਨਾਇਓ ਜੀ' ਤਿਆਰ ਹੋ ਗਈ ਹੈ। ਮੈਂ ਪਹਿਲੋਂ ਹੀ ਦੱਸ ਚੁੱਕਿਆ ਹਾਂ ਕਿ ਕੁਝ ਸਾਥੀ ਮਿੱਤਰ ਪਿਆਰੇ ਇਹੋ ਜਿਹੇ ਵੀ ਮਿਲ ਜਾਂਦੇ ਹਨ ਜੋ ਮੇਰੇ ਨਾਲੋਂ ਵਡੇਰੀ ਉਮਰ ਦੇ ਹਨ ਪਰ ਸਤਿਕਾਰ/ਪਿਆਰ ਜਿੰਨਾ ਦਿੰਦੇ ਹਨ, ਮਰੇ ਹੋਏ ਬੰਦੇ ਨੂੰ ਖੜ੍ਹਾ ਕਰ ਦਿੰਦੇ ਹਨ। ਮੈਂ ਜਗਦੀਸ਼ ਪ੍ਰਸ਼ਾਦਿ ਕੌਸ਼ਿਕ ਦਾ ਤਾਂ ਪਹਿਲੋਂ ਵੀ ਜ਼ਿਕਰ ਕੀਤਾ ਹੈ, ਉਹ ਬੜੇ ਮਿਹਰਬਾਨ ਹਨ। ਵਿਦੇਸ਼ ਵਿਚ ਉਹ ਪੱਤਰ ਵਿਹਾਰ ਕਰਦੇ ਰਹੇ ਤੇ ਉਤਸ਼ਾਹ ਦਿੰਦੇ ਰਹੇ। ਇਕ ਸੱਜਣ ਹਨ ਮਾਸਟਰ ਈਸ਼ਰ ਸਿੰਘ ਪਾਸੀ ਜੀ ਚੌਂਦੇ ਵਾਲੇ, ਜਿੰਨਾ ਪਿਆਰ/ਸਤਿਕਾਰ ਆਪ ਜੀ ਵੱਲੋਂ ਮੈਨੂੰ ਮਿਲਿਆ ਹੈ, ਕੁਝ ਕਹਿਣ ਸੁਣਨ ਦੀ ਬਾਤ ਨਹੀਂ। ਸਭ ਤੋਂ ਪਹਿਲਾਂ ਚਿੱਠੀ ਵਿਦੇਸ਼ ਵਿਚ ਆਪ ਜੀ ਵੱਲੋਂ ਗਈ। ਭਾਵੇਂ ਆਪ ਸੱਟ ਲੱਗਣ ਕਰਕੇ ਪੀੜਤ ਸਨ। ਮੁਹਾਲੀ ਆਇਆ ਤਾਂ ਬੱਚਿਆਂ ਨੂੰ ਖ਼ਬਰ-ਸਾਰ ਲਈ ਭੇਜਿਆ। ਹੁਣ ਮਾਲੇਰਕੋਟਲੇ ਆਇਆ ਹਾਂ ਤਾਂ ਆਪ ਮਿਲ ਕੇ ਗਏ ਹਨ ਦੋ ਵਾਰੀ। ਥਾਪੜਾ ਦਿੰਦੇ ਹਨ। ਅਸ਼ੀਰਵਾਦ ਵੀ ਬਜ਼ੁਰਗਾਂ ਵਾਲਾ ਤੇ ਹੋਰ ਪੁਸਤਕਾਂ ਵਾਸਤੇ ਮਾਇਕ ਸਹਾਇਤਾ ਵੀ। ਬੱਸ ਮੋਹ ਦੀਆਂ ਹੀ ਬਾਤਾਂ ਹਨ। ਅਮਲੋਹ, ਖੰਨਾ, ਸਰਹਿੰਦ, ਗੋਬਿੰਦਗੜ੍ਹ ਸਾਹਿਤ ਸਭਾਵਾਂ ਵਿਚ ਮੇਰਾ ਬਹੁਤ ਸਨਮਾਨ ਕਰਵਾਇਆ ਹੈ ਆਪ ਨੇ ਤੇ ਬਹੁਤ ਹੀ ਯਤਨਸ਼ੀਲ ਬਜ਼ੁਰਗ ਹਨ। ਸਾਡੀ ਤਿਕੜੀ ਵਿਚ—



Sri Satguru Jagjit Singh Ji eLibrary NamdhariElibrary@gmail.com

ਜੇ.ਪੀ.ਕੌਸ਼ਿਕ, ਈਸ਼ਰ ਸਿੰਘ ਪਾਸੀ, ਤੇ ਮੈਂ—ਵਿਚ ਇਕ ਮਸ਼ਕੂਲਾ-ਨੁਮਾ ਵਾਕ ਤੁਰਦਾ ਰਹਿੰਦਾ ਹੈ ਤੇ ਖ਼ੁਸ਼ ਹੋਈਦਾ ਹੈ। ਸਾਡੇ ਤਿੰਨਾਂ ਦੀਆਂ ਪਤਨੀਆਂ ਵਾਹਿਗੁਰੂ, ਰਾਮ, ਭਗਵਾਨ, ਰੱਬ ਨੂੰ ਪਿਆਰੀਆਂ ਹੋ ਗਈਆਂ ਹਨ। ਇਸੇ ਵਾਸਤੇ ਕਾਵਿਕ ਟੁਕੜਾ ਵੇਖੋ :

ਅਸੀ ਤਿੰਨੋ ਹੋ ਗਏ ਰੰਡੇ ਜੀ,
ਤ ਖ਼ੂਬ ਵਜਾਓ ਡੰਡੇ ਜੀ,
ਹੁਣ ਕਿਵੇਂ ਮਿਲਣਗੇ ਮੰਡੇ ਜੀ ?

ਮੈਂ ਪਹਿਲੋਂ ਵੀ ਬਹੁਤ ਸੱਜਣਾਂ ਦਾ ਜ਼ਿਕਰ ਕੀਤਾ ਹੈ ਤੇ ਹੁਣ ਵੀ ਕੀਤਾ ਹੈ। ਮੇਰਾ ਵਿਸ਼ਵਾਸ ਹੈ :

ਮੇਰਾ ਜੀਵਨ ਦੋਸਤਾਂ ਬਿਨ ਕੁਝ ਨਹੀਂ
ਜੀਅ ਤਾਂ ਲੈਂਦੇ ਨੇ ਇਕੱਲੇ ਢੋਰ ਵੀ

ਹੋ ਸਕਦਾ ਹੈ ਕਿ ਲੋਕਾਂ ਦਾ ਤਜਰਬਾ ਦੋਸਤਾਂ ਪ੍ਰਤੀ ਹੋਰ ਹੋਵੇ ਪਰ ਮੈਨੂੰ ਤਾਂ ਸਹਿਯੋਗ ਹੀ ਸਹਿਯੋਗ ਮਿਲਿਆ ਹੈ ਤੇ ਬਾਕੀ ਖ਼ੁਸ਼ੀਆਂ ਤਾਂ ਮਨ ਦੀ ਅਵਸਥਾ ਨਾਲ ਹੀ ਹੁੰਦੀਆਂ ਹਨ। ਕੋਈ ਕਿਵੇਂ ਕਿਸ ਬਾਤ ਨੂੰ ਲੈਂਦਾ ਹੈ। ਬੰਦਾ ਉਹੀ ਠੀਕ ਹੈ ਜੋ ਮਾੜੇ ਹਾਲਾਤ ਵਿਚ ਵੀ ਆਪਣੇ ਵਿਤ ਅਨੁਸਾਰ ਅਨੰਦ ਵਿਚ ਰਹੇ। ਐਵੇਂ ਜਈ, ਜਈ, ਮਰੂੰ ਮਰੂੰ ਨਾ ਕਰੇ ਹਾਸੇ ਨੂੰ ਤਾਂ ਕੋਈ ਵੀ ਨਹੀਂ ਵਰਜਦਾ—ਨੱਚਣ ਕੁੱਦਣ ਮਨ ਕਾ ਚਾਓ—ਹੱਸਣਾ ਖੇਡਣਾ ਖਾਂਦਿਆਂ ਪੀਦਿਆਂ ਮੁਕਤੀਆਂ ਹੁੰਦੀਆਂ ਹਨ ਪਰ ਸ਼ਰਤ ਇਕ ਹੈ ਕਿ ਅਕਾਲ ਪੁਰਖ ਦੀ ਰਜ਼ਾ ਵਿਚ ਰਹੇ। ਸਭ ਸਾਰਥਕ ਨਹੀਂ, ਸਭ ਕੁਝ ਨਰਕੀ ਲਿਜਾਣ ਵਾਲਾ ਹੀ ਸਮਝੋ। ਬੱਚੇ ਹਸਦੇ ਸੋਹਣੇ ਲਗਦੇ ਹਨ—ਫੁੱਲਾਂ ਵਾਂਗ, ਬੁੱਢੇ ਵੀ ਕਿਹੜਾ ਮਾੜੇ ਹਨ ਜੇ ਹੱਸਣ, ਖੇਡਣ ਆਪਣੇ ਹਾਣੀਆਂ ਨਾਲ। ਪਤਨੀ ਥੋੜ੍ਹਾ ਮੁਸਕਾ ਕੇ ਘਰ ਪਰਤੇ ਪਤੀ ਦਾ ਸੁਆਗਤ ਕਰੇ, ਥਕੇਵਾਂ ਲਹਿ ਜਾਂਦਾ ਹੈ। ਕੁੜੀਆਂ, ਚਿੜੀਆਂ ਹੱਸਣ ਖੇਡਣ ਪਿਆਰੀਆਂ ਲਗਦੀਆਂ ਹਨ। ਮਾਈਆਂ ਹੱਸਣ ਤਾਂ ਵੀ ਖ਼ੂਬ ਰੰਗ ਬੰਨ੍ਹਣ। ਮੈਂ ਚਾਹੁੰਦਾ ਹਾਂ ਸਭ ਹੱਸਣ ਤੇ ਖ਼ੁਸ਼ੀਆਂ ਮਾਣਨ। ਗੁਰੂ ਪੀਰ ਮੁਸਕਾ ਦੇਣ ਤਾਂ ਨਿਹਾਲੋ ਨਿਹਾਲ ਕਰ ਦੇਣ। ਕੋਈ ਵੀ ਹੱਸੇ, ਕਿਵੇਂ ਵੀ ਹੱਸੇ, ਜਿਹੋ ਜਿਹਾ ਮਰਜ਼ੀ



Sri Satguru Jagjit Singh Ji eLibrary NamdhariElibrary@gmail.com

ਹੱਸੇ—ਕੋਈ ਢਿੱਡ ਵਿਚ ਹੱਸੇ, ਕੋਈ ਬੁੱਲ੍ਹਾਂ ਵਿਚ ਮੁਸਕਾਵੇ, ਮੁਸਕਣੀਏ ਹੱਸੇ, ਕੋਈ ਹਿੜ ਹਿੜ, ਕੋਈ ਹੀਂ ਹੀਂ, ਸ਼ੀਂ ਸ਼ੀਂ 'ਪੰਛੀ' ਨੂੰ ਸਭ ਮਨਜ਼ੂਰ ਹੈ। ਕੋਈ ਇਤਰਾਜ਼ ਨਹੀਂ। ਸਭ ਦਾ ਸਟਾਇਲ ਆਪਣਾ ਆਪਣਾ, ਅੰਦਾਜ਼ ਆਪਣਾ ਆਪਣਾ ਮੁਬਾਰਕ ਹੋਵੇ, ਪਰ ਕੋਈ ਅਮੀਰ ਕਿਸੇ ਗਰੀਬ ਦੀ ਬੇਵਸੀ, ਲਾਚਾਰੀ ਤੇ ਤੰਗੀਆਂ ਤੁਰਸ਼ੀਆਂ 'ਤੇ ਹੱਸੇ, ਮਖੌਲ ਉਡਾਵੇ, ਇਸ ਪਿਆਰੇ 'ਪੰਛੀ' ਨੂੰ ਬਿਲਕੁਲ ਵੀ ਮਨਜ਼ੂਰ ਨਹੀਂ। ਇਹੋ ਜਿਹੇ ਘਿਨਾਉਣੇ ਤੇ ਮਿਸਕਮੀਣੇ ਹਾਸੇ ਨੂੰ ਵੰਗਾਰਨਾ ਚਾਹੀਦਾ ਹੈ। ਪਿਆਰਿਓ ਦੁਨੀਆਂ ਵਿਚ ਖੇੜਾ ਵੰਡਣ ਵਾਲਿਓ !

ਆਓ, ਹੁਣ ਇਹ ਗੀਤ-ਨੁਮਾ ਪੁਸਤਕ ਦਾ ਨਾਮ 'ਨਾ ਬੁਰਾ ਮਨਾਇਓ ਜੀ' ਕਿਵੇਂ ਸੁੱਝਿਆ ? ਮਾਈਆਂ, ਬੀਬੀਆਂ ਵਿਆਹ ਸ਼ਾਦੀਆਂ ਸਮੇਂ ਬਹੁਤ ਹੀ ਵਧੀਆ ਕਿਸਮ ਦੇ ਗੀਤ ਗਾਉਂਦੀਆਂ ਸਨ ਤੇ ਹੁਣ ਵੀ ਇਵੇਂ ਹੁੰਦਾ ਹੈ, ਭਾਵੇਂ ਘਟ ਗਿਆ ਹੈ। ਇਹ ਬਹੁਤ ਹੀ ਹਲੀਮੀ ਵਾਲੇ ਤਰੀਕੇ ਨਾਲ ਮਿਹਣੇ, ਸਿੱਠਣੀਆਂ ਵਰਗੀਆਂ ਬਾਤਾਂ ਹੁੰਦੀਆਂ ਹਨ। ਜਿਵੇਂ—ਗੈਸ ਬੁਝਾ ਦਿਓ ਜੀ, ਸਾਡਾ ਕੁੜਮ ਬੈਟਰੀ ਵਰਗਾ ਆਦਿ। ਇਹ ਗੀਤਾਂ ਦੀਆਂ ਤਰਜ਼ਾਂ ਮੇਰੇ ਮਨ ਵਿਚ ਪਈਆਂ ਰਹਿੰਦੀਆਂ ਸਨ। ਬੱਸ ਇਥੋਂ ਹੀ ਇਹ ਖ਼ਿਆਲ ਆਇਆ। ਇਹ ਮੁਢਲਾ ਗੀਤ/ਕਵਿਤਾ ਦਰਜ ਕੀਤੀ ਹੈ। ਬਾਕੀ ਦੀਆਂ 150 ਰੁਬਾਈਆਂ ਸ਼ਾਮਲ ਕੀਤੀਆਂ ਹਨ। ਭਾਵੇਂ ਮੈਂ ਇਹ ਪੁਸਤਕ ਬਹੁਤ ਸਮੇਂ ਤੋਂ ਬਾਅਦ ਛਪਵਾ ਰਿਹਾ ਹਾਂ। ਸਹਿਜ ਪੱਕੇ ਸੋ ਮੀਠਾ ਹੋਏ। ਪਰ ਇਸ ਨੇਕ ਕੰਮ ਨੂੰ ਸਿਰੇ ਚਾੜ੍ਹ ਹੀ ਲਿਆ ਹੈ। ਮੈਂ ਇਕ ਵਾਰ ਫੇਰ ਇਹ ਦੱਸਣ ਦੀ ਖ਼ੁਸ਼ੀ ਲੈ ਰਿਹਾ ਹਾਂ ਕਿ ਇਸ ਕੰਮ ਲਈ ਮੈਨੂੰ ਹਮੇਸ਼ਾ ਹੀ ਜੇ.ਪੀ.ਕੌਸ਼ਿਕ (ਥਾਨੇਸਰ) ਹਰਿਆਣਾ ਵਾਲਿਆਂ ਪ੍ਰੇਰਿਆ ਹੈ ਤੇ ਬਜ਼ੁਰਗਾਂ ਵਾਂਗ ਅਸ਼ੀਰਵਾਦ ਵੀ ਦਿੱਤੀ ਹੈ। ਹੁਣ ਅੰਤ ਵਿਚ ਇਕ ਬਹੁਤ ਹੀ ਜਜ਼ਬਾਤੀ ਗੱਲ ਦੱਸ ਕੇ ਸਭ ਸ਼ੁਭਚਿੰਤਕਾਂ, ਸਹਿਯੋਗੀਆਂ ਦਾ, ਸਹਾਇਤਾ ਕਰਨ ਵਾਲਿਆਂ ਦਾ ਸ਼ੁਕਰਗੁਜ਼ਾਰ ਹੁੰਦਾ ਹਾਂ—ਉਹ ਹੈ ਇਹ ਕਿ ਮੇਰੀ ਮਾਂ (ਬੇਬੇ) ਨੰਦ ਕੌਰ ਤੇ ਤਿੰਨ ਮਾਸੀਆਂ—ਮਾਨ ਕੁਰ, ਨਿਹਾਲ ਕੁਰ ਤੇ ਭਾਗਵੰਤੀ ਜਦੋਂ ਕਿਸੇ ਵਿਆਹ ਵਿਚ ਮਿਲ ਬੈਠਦੀਆਂ ਤਾਂ ਲੰਮੀਆਂ ਹੇਕਾਂ ਵਾਲੇ ਗੀਤ ਗਾ ਕੇ ਇਹੋ ਜਿਹਾ ਵਿਜੋਗ ਭਰਿਆ ਸਮਾਂ ਸਿਰਜਦੀਆਂ ਸਨ ਕਿ ਬੱਸ



Sri Satguru Jagjit Singh Ji eLibrary NamdhariElibrary@gmail.com

ਅੱਖੀਆਂ ਜਲ ਭਰ ਆਉਂਦੀਆਂ ਸਨ। ਗੀਤ ਤਾਂ ਬਹੁਤ ਲੰਮਾ ਹੈ। ਗੀਤ ਦੀ ਵੰਨਗੀ ਤਾਂ ਵੇਖੋ :

ਊਠਾਂ ਵਾਲਿਓ ਵੇ, ਕੀ ਬੰਨ੍ਹਦੇ ਸੀ ਕੰਗਣਾ
ਵੇ ਮੇਰੀਆਂ, ਜਲ ਭਰ ਆਈਆਂ, ਨੀਂ ਮਾਏ
ਨੀ ਅੱਖੀਆਂ, ਡੁਲ੍ਹ ਡੁਲ੍ਹ ਪੈਂਦੀਆਂ ਮਾਏ
ਇੱਕ ਰਾਤ ਵੇ ਹਨੇਰੀ, ਦੂਜਾ ਦੇਸ ਵੇ ਪਰਾਏ—

ਮੈਂ ਇਹ ਪੁਸਤਕ ਵੀ ਮੇਰੀ ਮਾਂ ਵਰਗੀਆਂ, ਨਿੱਘੀਆਂ ਛਾਵਾਂ ਦੇਣ ਵਾਲੀਆਂ ਮਾਸੀਆਂ ਦੀ ਮਿੱਠੀ ਤੇ ਨਿੱਘੀ ਯਾਦ ਨੂੰ ਹੀ ਸਮਰਪਣ ਕਰ ਰਿਹਾ ਹਾਂ।

ਮੈਂ ਅੰਤ ਵਿਚ ਇਹ ਬੇਨਤੀ ਕਰਾਂਗਾ ਕਿ ਮੈਂ ਇਹ ਹਾਸ-ਵਿਅੰਗ ਦੀਆਂ ਰਚਨਾਵਾਂ ਲਿਖ ਕੇ ਕਿਸੇ ਕਿਸਮ ਦਾ ਵੈਰ ਜਾਂ ਘਿਰਨਾ ਵਸ ਇਹ ਰਚਨਾ ਨਹੀਂ ਕੀਤੀ। ਬੱਸ ਸਹਿਜ ਸੁਭਾ ਹੀ ਗੱਲਾਂ ਬਾਤਾਂ ਕੀਤੀਆਂ ਹਨ। ਕੁਝ ਆਪਣੀ ਆਖੀ ਹੈ ਤੇ ਕੁਝ ਜੱਗ ਜਹਾਨ ਦੀ। ਬੱਸ ਤੁਸੀਂ ਬੁਰਾ ਨਾ ਮਨਾਇਓ ਜੀ।

ਆਪ ਸਭ ਸੁਹਿਰਦ ਪਾਠਕਾਂ, ਸਾਹਿਤ ਪ੍ਰੇਮੀਆਂ, ਵਿਸ਼ੇਸ਼ ਕਰਕੇ ਹਾਸ ਵਿਅੰਗ ਦੇ ਲਿਖਾਰੀਆਂ ਤੋਂ ਉਸਾਰੂ ਸੁਝਾਵਾਂ ਦੀ ਉਡੀਕ ਜ਼ਰੂਰ ਕਰਾਂਗਾ। ਇਕ ਵਾਰ ਫੇਰ ਖਿਮਾ ਦਾ ਜਾਚਕ ਹਾਂ, ਮੈਂ ਹਾਂ—

ਤੁਹਾਡਾ ਆਪਣਾ

**ਕਰਤਾਰ ਸਿੰਘ 'ਪੰਛੀ'**

**ਮਾਲੇਰਕੋਟਲਾ** ਫੋਨ ਨੰਬਰ 01675-251002

19.5.2005



Sri Satguru Jagjit Singh Ji eLibrary NamdhariElibrary@gmail.com

## ਨਾ ਬੁਰਾ ਮਨਾਇਓ ਜੀ

ਨਾ ਬੁਰਾ ਮਨਾਇਓ ਜੀ, ਅਸੀ ਤਾਂ ਸਹਿਜ ਸੁਭਾਅ ਗੱਲ ਕੀਤੀ !
ਕੁਝ ਜੱਗ ਦੀ ਆਖੀ ਏ, ਨਾਲੇ ਆਖੀ ਏ ਹੱਡ ਬੀਤੀ
ਨਾ ਬੁਰਾ ਮਨਾਇਓ ਜੀ, ਅਸੀ ਤਾਂ ਸਹਿਜ ਸੁਭਾਅ ਗੱਲ ਕੀਤੀ !

'ਪੰਛੀ' ਜੇ ਚੁੱਪ ਕਰੀਏ, ਜੱਗ ਸਮਝੇ ਉੱਲੂ-ਬਾਟਾ
ਜੇ ਚੁੱਪ ਵੀ ਕਰ ਰਹੀਏ, ਫਿਰ ਵੀ ਕੀ ਪੈਂਦਾ ਹੈ ਘਾਟਾ
ਤਾਂ ਹੀ ਮਨ ਬੋਲ ਪਿਆ, ਨਾਲੇ ਜੀਭ ਨਾ ਰਹਿੰਦੀ ਸੀਤੀ !.....
ਨਾ ਬੁਰਾ ਮਨਾਇਓ ਜੀ, ਅਸੀ ਤਾਂ ਸਹਿਜ ਸੁਭਾਅ ਗੱਲ ਕੀਤੀ !....

ਜਿਸ ਘਰ ਵਿੱਚ ਜਨਮ ਲਿਆ, ਉਸ ਘਰ 'ਚੋਂ ਕੁਝ ਨਾ ਮਿਲਿਆ
ਮੈਂ ਆਸ ਬੜੀ ਰੱਖੀ, ਪਰ ਕੋਈ ਕੰਵਲ ਨਾ ਖਿਲਿਆ
ਪਿਓ ਮੇਰਾ ਚੰਗਾ ਸੀ, ਉਹਦੀ ਦੂਜਿਆਂ ਨਾਲ ਪ੍ਰੀਤੀ !......
ਨਾ ਬੁਰਾ ਮਨਾਇਓ ਜੀ, ਅਸੀ ਤਾਂ ਸਹਿਜ ਸੁਭਾਅ ਗੱਲ ਕੀਤੀ !



Sri Satguru Jagjit Singh Ji eLibrary NamdhariElibrary@gmail.com

ਭਾਵੇਂ ਮਾਂ ਮਤਰੇਈ ਸੀ, ਐਪਰ ਮਿੱਠਾ ਸਦਾ ਹੀ ਬੋਲੀ
ਉਹਨੇ ਦਿਲ ਦੀ ਨਾ ਦੱਸੀ, ਉਹਨੇ ਘੁੰਡੀ ਮਨੋਂ ਨਾ ਖੋਲ੍ਹੀ
ਉਹਦੇ ਮਨ ਵਿੱਚ ਕੁਝ ਹੋਵੇ, ਉਹਨੇ ਰੱਖੀ ਸਿਆਣੀ ਨੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਭਾਵੇਂ ਵਾਂਗ ਭਰਾਵਾਂ ਦੇ, ਮੈਨੂੰ ਘਰ 'ਚੋਂ ਕੁਝ ਨਾ ਮਿਲਿਆ
ਕਈ ਵਾਰੀ ਹਿਰਖ ਕਰਾਂ, ਮੈਂ ਵਿੱਚ ਜਜ਼ਬਾਤ ਦੇ ਠਿੱਲ੍ਹਿਆ
ਜਦ ਮਿਲੇ ਤਾਂ ਖ਼ੁਸ਼ ਹੋਏ, ਜਿਵੇਂ ਹੋਏ ਪ੍ਰੇਮ ਹ਼ਕੀਕੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਪੜ੍ਹ-ਲਿਖ ਵੀ ਬਹੁਤ ਗਿਆ, ਪਰ ਮੈਂ ਰਿਹਾ ਮਾਮਿਆਂ ਕੋਲੇ
ਮੈਨੂੰ ਬਹੁਤ ਸਨੇਹ ਮਿਲਿਆ, ਮੈਨੂੰ ਉੱਚਾ ਕੋਈ ਨਾ ਬੋਲੇ
ਨਾਨੀ ਜੋ ਮਾਂ ਵਾਂਗੂੰ, ਨਿਭਗੀ ਜਿਉਂ ਜੱਗ ਦੀ ਰੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਮੇਰਾ ਵਿਆਹ ਤਾਂ ਸ਼ੁਭ ਹੋਇਆ, ਪਰ ਬਾਪ ਨਰਾਜ਼ ਸੀ ਹੋਇ਼ਆ
ਉਹ ਪਾਸਾ ਵੱਟ ਗਿਆ, ਇੰਜ ਸਾਰਾ ਕੁਝ ਹੀ ਖੋਇਆ
ਉਹ ਚਾਹੁੰਦਾ ਇੰਜ ਨਹੀਂ ਸੀ, ਜੋ ਮਾਂ, ਮਾਮਿਆਂ ਰਲ ਕੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਜਿਵੇਂ ਸੋਚਿਆ ਬੇਬੇ ਨੇ, ਸਭ ਉਲਟਾ-ਪੁਲਟਾ ਹੋਇਆ
ਜਦ ਸਭ ਕੁਝ ਵੇਖ ਲਿਆ, ਫਿਰ ਢੋਣਾ ਆਪ ਹੀ ਢੋਇਆ
ਫਿਰ ਮਾਮਾ ਖ਼ੁਸ਼ ਹੋਇਆ, ਗਈ ਲੱਗ ਰੁਜ਼ਗਾਰ ਦੀ ਫੀਤੀ
ਨਾ ਬੁਰਾ ਮਨਾਇਓ ਜੀ, ਅਸ਼ੀਂ ਤਾਂ ਸਹਿਜ ਸੁਭਾਅ ਗੱਲ ਕੀਤੀ !



Sri Satguru Jagjit Singh Ji eLibrary NamdhariElibrary@gmail.com

ਵਿੱਚ ਸ਼ਹਿਰ ਕੋਟਲੇ ਆ, ਬਣਿਆ ਹੈ ਸੀ ਰੈਣ ਬਸੇਰਾ
ਮਨ ਤਕੜਾ ਕਰ ਲੀਤਾ, ਜਿਵੇਂ ਕਰਦੇ ਬੰਦੇ ਜੇਰਾ
ਇਸ ਨਗਰ 'ਚ ਵਸ ਕੇ ਮੈਂ, ਆਪਣੀ ਨੇਕ ਕਮਾਈ ਕੀਤੀ
ਨਾ ਬੁਰਾ ਮਨਾਇਓ ਜੀ, ਅਸੀ ਤਾ ਸਹਿਜ ਸੁਭਾਅ ਗੱਲ ਕੀਤੀ !

ਦੋ ਬੇਟੀਆਂ ਜਨਮ ਲਿਆ, ਪੜ੍ਹ-ਲਿਖ ਕੇ ਜੋ ਪਰਨਾਈਆਂ
ਕੋਈ ਘਾਟ ਨਹੀਂ ਰੜਕੀ, ਉਹਨਾਂ ਖ਼ੁਸ਼ੀਆਂ ਸਦਾ ਮਨਾਈਆਂ
ਉਹ ਆਪਣੇ ਘਰ ਰਾਜ਼ੀ, ਮੇਰੀ ਸਿੰਘਣੀ ਨਾਲ ਪ੍ਰੀਤੀ
ਨਾ ਬੁਰਾ ਮਨਾਇਓ ਜੀ, ਅਸੀ ਤਾਂ ਸਹਿਜ ਸੁਭਾਅ ਗੱਲ ਕੀਤੀ !

ਮੇਰੇ ਘਰ ਵਾਲੀ ਨੇ, ਮੇਰਾ ਦੁੱਖ-ਸੁੱਖ ·ਖ਼ੂਬ ਵੰਡਾਇਆ
ਉਹਦੇ ਮਾਪੇ ਚੰਗੇ ਸਨ, ਸਾਨੂੰ ਖ਼ੁਸ਼ ਹੋ ਕੇ ਗਲ ਲਾਇਆ
ਏਦਾਂ ਹੀ ਬੀਤ ਗਈ, ਉਹਨੇ ਘੋਟੀ ਨਾ ਕਮਰੀਕੀ
ਨਾ ਬੁਰਾ ਮਨਾਇਓ ਜੀ, ਅਸੀ ਤਾਂ ਸਹਿਜ ਸੁਭਾਅ ਗੱਲ ਕੀਤੀ !

ਸਰਵਿਸ ਦੇ ਵਿੱਚ ਰਹਿ ਕੇ, ਵਿਤੋਂ ਵੱਧ ਸੰਘਰਸ਼ ਸੀ ਕੀਤਾ
ਸਭ ਸਾਥੀ ਤਕੜੇ ਸਨ, ਜਿਨ੍ਹਾਂ ਲਾਇਆ ਸੰਘਰਸ਼ੀ ਫੀਤਾ
ਮੇਰੇ ਸਾਥੀ ਗੁਣਵੰਤੇ, ਗੱਲ ਕਰਦੇ ਨਾਲ ਬਰੀਕੀ
ਨਾ ਬੁਰਾ ਮਨਾਇਓ ਜੀ, ਅਸੀ ਤਾਂ ਸਹਿਜ ਸੁਭਾਅ ਗੱਲ ਕੀਤੀ !

ਮੈਂ ਮਿੱਤਰਾਂ ਸਦਕੇ ਹੀ, ਵਿੱਚ ਜੀਵਨ ਡੋਲਿਆ ਨਾ ਹੀਂ
ਮੇਰੀ ਉਹਨਾਂ ਨਾਲ ਨਿਭੀ ਤੇ ਵਿਚਰੇ ਚਾਈਂ ਚਾਈਂ
ਬਸ ਏਦਾਂ ਗੁਜ਼ਰ ਗਈ, ਰੱਖ ਸਦਾ ਸਾਊਆਂ ਦੀ ਨੀਤੀ
ਨਾ ਬੁਰਾ ਮਨਾਇਓ ਜੀ, ਅਸੀ ਤਾਂ ਸਹਿਜ ਸੁਭਾਅ ਗੱਲ ਕੀਤੀ !



Sri Satguru Jagjit Singh Ji eLibrary NamdhariElibrary@gmail.com

ਭੈਣਾਂ ਤੇ ਜੀਜੇ ਵੀ, ਰਹੇ ਬਣ ਕੇ ਸਦਾ ਹੀ ਦਰਦੀ
ਉਹ ਦਿਲ ਤੋਂ ਨਾਲ ਨਿਭੇ, ਇਹ ਗੱਲ ਨਹੀਂ ਹੈ ਫਰਜ਼ੀ
ਉਹਨਾਂ ਦੇ ਬੱਚੇ ਸਭ, ਮੈਨੂੰ ਪਿਆਰ ਕਰਨ ਬਣ ਮੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਜੋ ਰਿਸ਼ਤੇਦਾਰ ਮਿਰੇ, ਸਭ ਤਕੜੇ ਤੇ ਗੁਣਕਾਰੀ
ਸਭ ਕਦਰ ਯੋਗ ਸਮਝੋ, ਜੋ ਕਰਦੇ ਗੱਲ ਵਿਹਾਰੀ
ਕੋਈ ਉੱਚਾ ਬੋਲ ਪਵੇ, ਕਹਿ ਧੰਨ, ਸਮਾਈ ਕੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਧੰਨਵਾਦ ਕਈ ਕਰਦੇ, ਕਈਆਂ ਦੇ ਨਖ਼ਰੇ ਹੇਠ ਨਾ ਆਇਆ
ਇਹ ਵੀ ਸੁੱਖ-ਸਾਂਦ ਰਹੀ, ਜਿਵੇਂ ਨਿਭਿਆ ਤਿਵੇਂ ਨਿਭਾਇਆ
'ਪੰਛੀ' ਚੁੱਪ ਵੱਟ ਰਖ੍ਹੇ ਤੇ ਧਾਰ ਹਲੀਮੀ ਲੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਮੇਰੇ ਮਿੱਤਰ ਪਿਆਰੇ ਵੀ, ਸਭ ਨਿਭੇ ਨੇ ਵਾਂਗ ਭਰਾਵਾਂ
ਉਹਨਾਂ ਪਰਿਵਾਰਾਂ ਤੋਂ, ਮੈਂ ਸਦਾ ਸਦਕੜੇ ਜਾਵਾਂ
ਉਹ ਗੁਰਮੁਖ ਬੰਦੇ ਨੇ, ਜਿਨ੍ਹਾਂ ਦੀ ਸੰਤਾਂ ਵਰਗੀ ਨੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਜਦ ਹੋ ਰੀਟਾਇਰ ਗਏ, ਮੇਰਾ ਹੋਇਆ ਮਾਣ ਸਵਾਇਆ
ਆਪਾਂ ਵੀ ਖ਼ੁਸ਼ ਹੋ ਕੇ, ਹੈ ਸੀ ਸਭ ਨੂੰ ਸੀਸ ਨਿਵਾਇਆ
ਸਭ ਆਖਣ ਖ਼ੁਸ਼ ਰਹਿਣਾ, ਨਾਲੇ ਸਭ ਸੰਗ ਰੱਖੋ ਪ੍ਰੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !



Sri Satguru Jagjit Singh Ji eLibrary NamdhariElibrary@gmail.com

ਵਿੱਚ ਸਾਹਿਤ ਸਭਾਵਾਂ ਦੇ, ਦਿਲ ਲਾ ਕੇ ਹਿੱਸਾ ਪਾਇਆ
ਮੇਰਾ ਸਾਰੇ ਮਾਣ ਕਰਨ, ਮੈਂ ਸਭ ਦਾ ਮਾਣ ਵਧਾਇਆ
ਖ਼ੁਸ਼ ਕਰੇ ਸਾਹਿਤ ਸਭੀਏ, ਪੂਰੀ ਕਲਮ ਘਸਾਈ ਕੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਫਿਰ ਮਰ ਗਈ ਘਰ ਵਾਲੀ, ਜਿਹੜੀ ਨਾਂ ਜਸਵੰਤ ਕਹਾਵੇ
ਉਹ ਤਾਂ ਤੁਰ ਗਈ ਜੱਗ ਉਤੋਂ, ਮੇਰੇ ਪੱਲੇ ਪਾ ਗਈ ਹਾਵੇ
ਬੱਸ ਸਭ ਕੁਝ ਬਿਖਰ ਗਿਆ, ਬੜੀ ਮੁਸ਼ਕਿਲ ਹੋਈ ਜੀਅ-ਕੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਬੜਾ ਸੋਚ ਸਮਝ ਕੇ ਮੈਂ, ਸੀ ਵਿੱਚ ਮੁਹਾਲੀ ਆਇਆ
ਸਭ ਨਾਲ ਮੁਹੱਬਤ ਦੇ, ਕਹਿੰਦੇ ਸੁਣਦੇ ਜੋ ਮਨ ਭਾਇਆ
ਇਥੇ ਵੀ ਸੁੱਖ ਮਿਲਿਆ, ਲੱਗ ਗਈ ਸਾਹਿਤ ਦੀ ਫੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਬੜੇ ਸਾਹਿਤ ਪ੍ਰੇਮੀ ਨੇ, ਇਸ ਵੱਡੇ ਸ਼ਹਿਰ ਵਿੱਚ ਰਹਿੰਦੇ
ਸਭ ਵੀਰ ਪਿਆਰੇ ਹਨ, ਰਲ ਨਾਲ ਮੁਹੱਬਤ ਬਹਿੰਦੇ
ਜਿੰਨ੍ਹਾਂ ਮੈਨੂੰ ਮੋਹ ਛੱਡਿਆ, ਗੱਲ ਮੇਲ ਮਿਲਾਪ ਦੀ ਕੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਵੱਡੀ ਧੀ 'ਰਾਣੀ' ਹੈ ਤੇ ਇਕਬਾਲ ਜਵਾਈ
ਉਹਨਾਂ ਔਖੇ ਹੋ ਕੇ ਵੀ, ਮੇਰੀ ਕੀਤੀ ਹੈ ਵਡਿਆਈ
ਮੇਰੀ ਸੇਵਾ ਖ਼ੂਬ ਕਰੀ, ਦਿਨ-ਰਾਤ ਉਹਨਾਂ ਇੱਕ ਕੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !



Sri Satguru Jagjit Singh Ji eLibrary NamdhariElibrary@gmail.com

ਇਹ ਵੱਸ ਹੈ ਅੰਨ-ਜਲ ਦੇ, 'ਪੰਛੀਂ' ਵਿੱਚ ਕਨੇਡਾ ਆਇਆ
ਮੇਰੇ ਪਿਆਰੇ ਬੱਚਿਆਂ ਨੇ, ਕੀਤਾ ਖਰਚ ਵੱਡਾ ਸਰਮਾਇਆ
ਏਥੇ ਹੁੰਦੀ ਠੰਡ ਬੁਰੀ, ਬਹਿ ਅੰਦਰ ਠੁਰ ਠੁਰ ਕੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਸੇਵਾ ਵਿੱਚ ਫਰਕ ਨਹੀਂ, ਨਾਲੇ ਡਾਕਟਰਾਂ ਕੋਲ ਲਜਾਂਦੇ
ਕਰ ਬਾਤ ਕਨੇਡਾ ਦੀ, ਖ਼ੁਸ਼ ਹੋ ਕੇ ਮਨ ਪਰਚਾਂਦੇ
ਫਿਰ 'ਵੰਡਰਫੁੱਲ' ਥਾਂ ਵੇਖੇ, ਘੁੰਮੇ ਫਿਰੇ ਭਕਾਈ ਕੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਸੀਤੂ ਤੇ ਸੰਤ ਬੜਾ, ਮੇਰਾ ਹਰਦਮ ਜੀ ਪਰਚਾਂਦੇ
ਨਾਲੇ ਲਾਡੀ ਕਰਨ ਪੱਪੀ, ਨਾਲੇ ਇੰਗਲਿਸ਼ ਗੀਤ ਸੁਣਾਂਦੇ
ਬੇਟਾ ਸੁਰਜੀਤ ਤੇ ਅਮਰਜੀਤੂ, ਹਰ ਪੱਖੋਂ ਸੰਭਾਲ ਹੈ ਕੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਇਹ ਖੇਡ ਨਿਆਰੀ ਹੈ, ਨਾ ਟਿਕਦਾ ਕੋਈ ਟਿਕਾਣਾ
ਮੇਰੇ ਵੱਸ ਨਹੀਂ ਕੁਝ ਵੀ, ਮੰਨ ਲਿਆ ਗੁਰੂ ਦਾ ਭਾਣਾ
ਜੇ ਇੱਕ ਥਾਂ ਛੱਡ ਦਿੱਤਾ, ਜਾ ਹੋਰ ਰਸਾਈ ਕੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਮੇਰਾ ਮਨ ਏ ਸਦਾ ਸੁਖੀ, ਮੈਨੂੰ ਗੁਰ ਜਗਜੀਤ ਪਿਆਰਨ
ਮੈਂ ਜਦ ਵੀ ਦਰਸ਼ ਕਰਾਂ, ਦੇ ਥਾਪੀ ਚਿੱਤ ਨੂੰ ਠਾਰਨ
ਮੇਰੇ ਸੰਕਟ ਕੱਟ ਦਿੱਤੇ, ਜਿਵੇਂ ਹੋਵਣ ਵੱਡੇ ਨਜੀਕੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !



Sri Satguru Jagjit Singh Ji eLibrary NamdhariElibrary@gmail.com

'ਪੰਛੀ' ਇਸ ਜੀਵਨ ਵਿੱਚ, ਮੈਂ ਅਸਲੋਂ ਪੰਛੀ ਬਣ ਗਿਆ
ਜੇ ਇਕ ਵਣ ਛੱਡ ਦਿੱਤਾ, ਜਾ ਦੂਜੇ ਥਾਂ 'ਤੇ ਤਣ ਗਿਆ
ਮੈਂ ਫੇਰ ਵੀ ਖ਼ੁਸ਼ਕਿਸਮਤ, ਮੇਰੀ ਸਭਨਾਂ ਨਾਲ ਪ੍ਰੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਕੋਈ ਮੈਨੂੰ ਬੁਰਾ ਕਹੇ, ਮੈਨੂੰ ਕੋਈ ਫਰਕ ਨਾ ਪੈਂਦਾ
ਇਹ ਤਾਂ ਜਗਤ ਰਵੀਰਾ ਹੈ, ਮਨ ਏਦਾਂ ਕਹਿ ਖ਼ੁਸ਼ ਰਹਿੰਦਾ
'ਪੰਛੀ' ਸਭ ਸੁਖੀ ਵੱਸਣ, ਆਪਾਂ ਕਹਿ ਦਿੱਤੀ ਹੱਡ ਬੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਮਨ 'ਤੇ ਨਾ ਲਾਇਓ ਜੀ, ਅਸੀਂ ਸਭ ਦਾ ਭਲਾ ਮਨਾਈਏ
ਇਸ ਸੋਹਣੀ ਦੁਨੀਆਂ ਤੋਂ, ਸਦ-ਵਾਰੀ ਸਦਕੇ ਜਾਈਏ
'ਪੰਛੀ' ਨੂੰ ਮੁਆਫ਼ ਕਰੋ, ਇਸ ਕਹੀ ਜੋ ਸਿੰਪਲ ਬੀਤੀ
ਨਾ ਬੁਰਾ ਮਨਾਇਓ ਜੀ, ਅਸੀਂ ਤਾਂ ਸਹਿਜ ਸੁਭਾਅ ਗੱਲ ਕੀਤੀ !

ਨਾ ਬੁਰਾ ਮਨਾਇਓ ਜੀ, ਅਸੀ ਤਾਂ ਸਹਿਜ ਸੁਭਾਅ ਗੱਲ ਕੀਤੀ !
ਕੁਝ ਜੱਗ ਦੀ ਆਖੀ ਏ, ਨਾਲੇ ਆਖੀ ਏ ਹੱਡ-ਬੀਤੀ
'ਪੰਛੀ' ਜੇ ਚੁੱਪ ਕਰੀਏ, ਜੱਗ ਸਮਝੇ ਉੱਲੂ ਬਾਟਾ
ਤਾਂ ਹੀ ਮਨ ਬੋਲ ਪਿਆ, ਨਾਲੇ ਜੀਭ ਨਾ ਰਹਿੰਦੀ ਸੀਤੀ।



Sri Satguru Jagjit Singh Ji eLibrary NamdhariElibrary@gmail.com

## ਅੱਜ ਦੇ ਨੇਤਾ

ਖੁੱਲ੍ਹਾ ਕੁੜਤਾ ਅਤੇ ਪਜਾਮਾ, ਉਪਰ ਜਾਕਟ ਪਾਵੋ
ਸੋਹਣੀ ਭੂਰੀ ਸਜਦੀ ਬਣਦੀ, ਮੋਢਿਆਂ 'ਤੇ ਲਟਕਾਵੋ
ਫਿਰ ਲੋਕਾਂ ਦੀ ਛਿੱਲ ਉਤਾਰੋ, ਚਿੱਟੇ ਦਿਨ ਬਿਨ ਡਰ ਤੋਂ
ਪਰ ਵੱਡੇ ਨੇਤਾ ਦੇ ਜਾ ਕੇ, ਗੋਡਿਆਂ ਨੂੰ ਹੱਥ ਲਾਵੋ।

## ਅੱਜ ਦੀ ਦੁਨੀਆਂ-ਦਾਰੀ

ਰਾਮ ਨਾਮ ਦਾ ਸੌਦਾ ਆਪਾਂ ਦੱਸੋ ਕੀਕਣ ਕਰੀਏ ?
ਵਿੱਚ ਗਰੰਥਾਂ ਲਿਖਿਆ ਹੋਇਆ, ਸੀਸ ਤਲੀ 'ਤੇ ਧਰੀਏ
ਸੌਖਾ ਕੰਮ ਹੈ ਰਿਸ਼ਵਤਖੋਰੀ, ਬੈਂਕ ਬੈਲੰਸ ਬਣਾਓ
ਦੁਨੀਆਂ-ਦਾਰੀ ਤਾਂ ਚੱਲੇਗੀ, ਖ਼ੂਬ ਝੋਲੀਆਂ ਭਰੀਏ।

## ਵਿਆਹ-ਸ਼ਾਦੀਆਂ

ਝੱਟ ਮੰਗਣੀ ਪੱਟ ਵਿਆਹ ਤੇ ਤੁਰਤ ਕਰੋ ਮੁਕਲਾਵਾ
ਡੂਢ ਕੁ ਬੰਦਾ ਜੰਜ 'ਚ ਹੋਵੇ, ਕੋਈ ਨਾ ਹੋਵੇ ਵਖਾਵਾ
ਕਾਰਜ ਗੁਰਮਰਿਆਦਾ ਅੰਦਰ, ਹੁੰਦਾ ਕਰ ਅਰਦਾਸਾ
ਕੁੜੀ ਦਾਜ ਦੀ ਬਲੀ ਚੜ੍ਹ ਗਈ, ਊਤ ਗਿਆ ਹੈ ਆਵਾ।



Sri Satguru Jagjit Singh Ji eLibrary NamdhariElibrary@gmail.com

## ਸੁਜਾਖੇ ਸਾਹਿਤਕਾਰ

ਵੱਡੀ ਸਭਾ 'ਚ ਕੋਈ ਕਦਰ ਨਹੀਂ, ਵੱਖਰੀ ਸਭਾ ਬਣਾਓ
ਦੂਸ਼ਣ ਲਾ ਕੇ ਇੱਕ ਦੂਜੇ 'ਤੇ ਆਪਣਾ ਪੱਖ ਸਮਝਾਓ
ਅਸੀਂ ਸੁਜਾਖੇ ਸਾਹਿਤਕਾਰ ਹਾਂ, ਸਾਹਿਤਕ ਸੇਵਾ ਕਰੀਏ
ਸਾਡੇ ਸਾਵ੍ਹੇਂ ਕਿਹੜਾ ਅੜ ਜੂ, ਡੰਕੇ ਚੋਟ ਲਗਾਓ।

## ਸਾਹਿਤਕ ਪਰਚਾ

ਵਿੱਚ ਗੋਸ਼ਟੀ ਜਾਵਾਂਗੇ ਇਹ ਤਾਂਘ ਸਦਾ ਹੈ ਰਹਿੰਦੀ
ਮਿੱਤਰਾਂ ਨਾਲ ਮਿਲਾਂਗੇ ਜਾ ਕੇ ਇਹੋ ਆਤਮਾ ਕਹਿੰਦੀ
ਬੰਦਿਆਂ ਵਾਂਗੂ ਗੱਲਾਂ ਕਰਦੇ ਸਭ ਕੁਝ ਸਮਝ 'ਚ ਆਵੇ
ਜਦ ਪੜ੍ਹਦੇ ਨੇ ਪਰਚਾ ਸਾਹਿਬ, ਕੁਝ ਵੀ ਸਮਝ ਨਾ ਪੈਂਦੀ।

## ਮੂਜਬ ਸਮਝੌਤਾ

ਪਹਿਲੋਂ ਲਾਹੋ ਪੱਗ ਕਿਸੇ ਦੀ ਸੁਰਖੀ ਖ਼ੂਬ ਜਮਾਵੋ
ਮਾਰੋ ਸੱਟ ਕਰਾਰੀ ਨਾਲੇ ਨਿਡਰ ਹੋ ਦਬਕਾਵੋ
ਆਪਣੇ ਮੂਜਬ ਜਦ ਉਹ ਬੰਦਾ ਕਰ ਜਾਵੇ ਸਮਝੌਤਾ
ਫੇਰ ਓਸ ਦੇ, ਸਾਊ ਬਣ ਕੇ, ਸੁਬਾਹ ਸ਼ਾਮ ਗੁਣ ਗਾਵੋ।



Sri Satguru Jagjit Singh Ji eLibrary NamdhariElibrary@gmail.com

## ਮੂਰਖ ਪੀਂਦੇ ਨਾਹੀਂ

ਮਹਿਫ਼ਿਲ ਵਿਚੋਂ ਪੀ ਕੇ ਆਓ ਪਤਨੀ ਨੂੰ ਦਬਕਾਓ
ਵਿੱਚ ਲੋਰ ਦੇ ਝੂਮ ਝੂਮ ਕੇ ਇਸ਼ਕੀ ਸ਼ਿਅਰ ਸੁਣਾਓ
ਕਾਫ਼ਰ ਨੇ ਜੋ ਪੀਂਦੇ ਨਾਹੀਂ, ਮੂਰਖ ਅਤੇ ਅਨਾੜੀ
ਤੇਰੇ ਅਸੀਂ ਦੀਵਾਨੇ ਸਜਣੀ, ਉੱਚੀ ਨਾਹਰਾ ਲਾਓ।

## ਬੇਪਰਵਾਹ ਪਿਆਕੜ

ਬੋਤਲ ਦੇ ਵਿੱਚ ਦਾਰੂ ਹੋਵੇ, ਬੋਤਲ ਹੋਏ ਨਾ ਖਾਲੀ
ਬੱਚੇ ਭਾਵੇਂ ਭੁੱਖੇ ਰੋਵਣ, ਭਰਦੀ ਰਹੇ ਪਿਆਲੀ
ਕਰੋ ਰੁਪਈਏ 'ਕੱਠੇ ਯਾਰੋ, ਜੇਕਰ ਕੋਈ ਥੁੜ੍ਹ ਹੋਵੇ
ਰੋਟੀ ਦਾ ਕੀ ਫ਼ਿਕਰ ਅਸਾਨੂੰ, ਸਭ ਦਾ ਅੱਲ੍ਹਾ ਵਾਲੀ।

## ਮਾਡਰਨ ਪਰਿਵਾਰ

ਵਿੱਚ ਕਲੱਬਾਂ ਮੰਮੀ ਪਾਪਾ, ਜਾਂਦੇ ਨੇ ਮੁਸਕਾ ਕੇ
ਕੋਈ ਫ਼ਿਕਰ ਨਾ ਉਹਨਾਂ ਤਾਈਂ, ਬਾਹਰੋਂ ਆਵਣ ਖਾ ਕੇ
ਨੌਕਰ ਚਾਕਰ ਮੁੰਡੂ ਘਰ ਵਿਚ, ਬੱਚੇ ਫਿਰਨ ਅਵਾਰਾ
ਕਰਦੇ ਡਾਂਸ ਬੈਡਰੂਮ ਵਿੱਚ, ਡਿਸਕੋ ਟੇਪਾਂ ਲਾ ਕੇ।



Sri Satguru Jagjit Singh Ji eLibrary NamdhariElibrary@gmail.com

## ਲੱਚਰ ਸਭਿਆਚਾਰ

ਸਭਿਆਚਾਰ ਦੇ ਨਾਂ ਦੇ ਹੇਠਾਂ, ਲੱਚਰ ਗੀਤ ਨੇ ਗਾਉਂਦੇ
ਲੋਕ-ਗੀਤ ਤੇ ਲੋਕ-ਨਾਚ ਕਹਿ, ਪੂਰਾ ਗੰਦ ਫਲਾਉਂਦੇ
ਹਲਾ ਹਲਾ ਹੁੰਦੀ ਹੈ ਫਿਰਦੀ, ਪੈਸੇ ਦਾ ਨਹੀਂ ਘਾਟਾ
ਉੱਚ-ਕੋਟੀ ਦੇ ਸਾਊ ਅਫ਼ਸਰ, ਖ਼ੂਬ ਚੁਸਕੀਆਂ ਲਾਉਂਦੇ।

## ਨਵੀਂ ਚੇਤਨਾ

ਇਹ ਕੇਹੋ ਜਿਹਾ ਰੌਣਕ ਮੇਲਾ, ਇਹ ਕੇਹੀ ਅੱਗ ਲੱਗੀ
ਚਾਰ-ਚੁਫ਼ੇਰੇ ਟਰਕਾਲੋਜੀ, ਚਾਰ ਚੁਫ਼ੇਰੇ - - - ਠੱਗੀ
ਨਵੇਂ ਜੁੱਗ ਦੀਆਂ ਨਵੀਆਂ ਗੱਲਾਂ, ਨਵੀਂ ਚੇਤਨਾ ਆਈ
'ਪੰਛੀ' ਦਾ ਕੋਈ ਦੋਸ਼ ਨਹੀਂ ਹੈ, ਹਵਾ ਚੁਫ਼ੇਰੇ ਵੱਗੀ।

## ਕੂੜ ਪਸਰਿਆ

ਖ਼ਬਰੇ ਕਿਹੜਾ ਘੋੜੇ ਵਾਲਾ ਚੌਹ ਕੂੰਟਾਂ ਵਿੱਚ ਫਿਰ ਗਿਆ
ਹਰ ਪਾਸੇ ਹੀ ਕੂੜ ਪਸਾਰਾ, ਸੱਚ ਵਿਚਾਰਾ ਘਿਰ ਗਿਆ
ਐਵੇਂ ਸੱਚ ਦਾ ਹੋਕਾ ਦੇ ਕੇ, ਕਾਹਤੋਂ ਜੁੱਤੀਆਂ ਖਾਈਏ
ਘਰ ਵਿੱਚ ਬਹਿ ਕੇ 'ਪੰਛੀ' ਦਾ ਮਨ ਰੋਂਦਾ ਰੋਂਦਾ ਵਿਰ ਗਿਆ।



Sri Satguru Jagjit Singh Ji eLibrary NamdhariElibrary@gmail.com

## ਲਵ-ਯੂ

ਬੱਚੇ ਬੁੱਢੇ 'ਲਵ-ਯੂ' 'ਲਵ-ਯੂ' ਕੁੜੀਆਂ, ਬੁੜ੍ਹੀਆ 'ਲਵ-ਯੂ'
ਏਧਰ ਓਧਰ ਰੌਲਾ ਰੱਪਾ, 'ਲਵ-ਯੂ' 'ਲਵ-ਯੂ' 'ਲਵ-ਯੂ'
ਵਾਹ ਓ ਰੱਬ ਦੇ ਤਾਰੇ ਲੋਕੋ ਕਿੱਧਰ ਨੂੰ ਤੁਰ ਚੱਲੇ
'ਪੰਛੀ' ਤੇਰੇ ਲੇਖਾਂ ਵਿੱਚ ਨਹੀਂ ਕਹੇਂ ਕਿਸੇ ਨੂੰ 'ਲਵ-ਯੂ'।

## ਤਾੜੀ ਮਾਰ ਵਧਾਈਆਂ

ਖੁਸਰੇ ਦੇਣ ਵਧਾਂਈਆਂ ਆਵਣ ਢੋਲਕ ਧੱਫਾ ਲਾ ਕੇ
ਘਿਸੇ ਪਿਟੇ ਉਹ ਗੀਤ ਵੀ ਗਾਵਣ ਪਾਨ ਸਪਾਰੀ ਖਾ ਕੇ
ਕੋਈ ਕੰਮ ਨਾ ਸਰਵਿਸ ਕਰਨੀ ਨਾ ਕੋਈ ਹੋਰ ਮਜ਼ੂਰੀ
ਤਾੜੀ ਮਾਰ ਰੁਪੱਈਆ ਫੜਦੇ, ਝਾਂਜਰ ਨੂੰ ਛਣਕਾ ਕੇ।

## ਢਲਦੇ ਪਰਛਾਵੇਂ

ਜਿਸ ਦੀ ਲੁਤਰੋ ਚਲਦੀ ਹੋਵੇ ਉਸ ਦੇ ਸੱਤ ਹਲ ਚਲਦੇ
ਸੂਝ ਸਿਆਣਪ ਵਾਲੇ ਮਾਹਤੜ, ਰਹਿ ਜਾਵਣ ਹੱਥ ਮਲਦੇ
ਚੜ੍ਹਦੇ ਸੂਰਜ ਕਰਨ ਸਲਾਮਾਂ, ਸਮੇਂ ਨਾਲ ਢਲ ਜਾਂਦੇ
'ਪੰਛੀ' ਕੌਣ ਮੁਹੱਬਤ ਕਰਦਾ, ਜਦ ਪਰਛਾਵੇਂ ਢਲਦੇ।



Sri Satguru Jagjit Singh Ji eLibrary NamdhariElibrary@gmail.com

## ਜਾਚ ਜੀਣ ਦੀ

ਲਾਰਾ ਲੱਪਾ ਲਾ ਕੇ ਹੋਵਣ ਕਾਮਯਾਬ ਸਰਕਾਰਾ
ਲਾਰਾ ਲੱਪਾ ਜੋ ਨਾ ਲਾਵੇ ਉਸ ਨੂੰ ਪੈਂਦੀਆਂ ਮਾਰਾਂ
'ਪੰਛੀ' ਸਿੱਖ ਲੈ ਜਾਚ ਜੀਣ ਦੀ ਲਾਰਾ ਲੱਪਾ ਲਾਈਏ
ਹੋਊ ਸੁਆਗਤ, ਹਾਰ ਗਲੇ ਵਿੱਚ, ਹੇਠ ਵਿਦੇਸ਼ੀ ਕਾਰਾਂ।

## ਪੈਸੇ ਬਾਝੋਂ

ਪੈਸੇ ਬਾਝੋਂ ਆਸੇ ਪਾਸੇ ਸਾਰੇ ਨਫ਼ਰਤ ਕਰਦੇ
ਹੋਰਾਂ ਦੀ ਕੀ ਗੱਲ ਕਰੇਂਗੇ ਕਰਨ ਮਖੌਲਾਂ ਘਰ ਦੇ
ਜਿੱਥੇ ਹੋਵਣ ਤਵੇ ਪਰਾਤਾਂ, ਸਾਰੀ ਰਾਤ ਹੀ ਗਾਈਏ
ਬਿਨ ਮਾਇਆ ਦੇ ਰਾਗੀ ਵੀ ਹੁਣ ਨਹੀਂ ਕੀਰਤਨ ਕਰਦੇ।

## ਟਿੰਡ 'ਚ ਕਾਨਾ

ਨਾਨਕ ਦੇ ਸੰਗ ਮਰਦਾਨੇ ਨੇ ਵੇਖੋ ਕਿਵੇਂ ਨਿਭਾਈ
ਛੇੜ ਰਬਾਬ ਉਹ ਕਰੇ ਕੀਰਤਨ, ਕਰ ਦਿੱਤੀ ਰੁਸ਼ਨਾਈ
ਹੁਣ ਤਾਂ ਹਰ ਕੋਈ ਟਿੰਡ 'ਚ ਕਾਨਾ, ਪਾ ਕੇ ਸਾਜ਼ ਬਣਾਵੇ
ਬੇ-ਸੁਰੀਆਂ ਹੇਕਾਂ ਨੂੰ ਲਾ ਕੇ, ਜਾਵੇ ਗੀਤ ਸੁਣਾਈ।



Sri Satguru Jagjit Singh Ji eLibrary NamdhariElibrary@gmail.com

## ਬਾਝ ਪਿਆਰੇ

ਕੀ ਪੁੱਤਰ ਕੀ ਧੀਆ 'ਪੰਛੀ' ਸਾਰੇ ਮਿੱਤਰ ਦੰਮ ਦੇ
ਰੂਹ ਦੀ ਪਰਖ ਤਾਂ ਕੋਈ ਕਰਦੈ ਬੰਦੇ ਭੁੱਖੇ ਚੰਮ ਦੇ
ਪ੍ਰੀਤ ਮਜ਼ੂਰੀ ਮੰਗਣ ਵਾਲਾ ਕੋਈ ਕੋਈ ਹੀ ਹੁੰਦੈ
ਤਾਂ ਹੀ ਬਾਝ ਪਿਆਰੇ ਸਾਡੇ, ਹੰਝੂ ਨਹੀਓਂ ਥੰਮ੍ਹਦੇ।

## ਯਮਲੇ ਜੱਟ ਦੀ ਤੂੰਬੀ

'ਯਮਲੇ ਜੱਟ' ਨੇ ਤੂੰਬੀ ਉੱਤੇ ਕਰੀ ਸਾਧਨਾ ਭਾਰੀ
ਏਸ ਸਾਧਨਾ ਅੰਦਰ ਉਸ ਨੇ ਲਾਈ ਉੱਚ ਉਡਾਰੀ
ਉਸ ਦੇ ਬੋਲ ਮਿਠਾਸ ਭਰੇ ਸਨ, ਨਾਲ ਲੰਮੀਆਂ ਹੇਕਾਂ
ਸੂਫ਼ੀ ਰੰਗ 'ਚ ਰਹਿ ਕੇ ਉਸ ਨੇ, ਹਰ ਇੱਕ ਗੱਲ ਵਿਚਾਰੀ।

## ਨਾਨ ਸਟਾਪ ਬਸ

ਚੜ੍ਹ ਜਾ ਭਾਈ, ਚੜ੍ਹ ਜਾ ਮਾਈ, ਮਾਰੇ 'ਵਾਜ ਕੰਡਕਟਰ
ਮੂਹਰਲੀ ਬਾਰੀ ਥਾਣੀ ਚੜ੍ਹ ਜੋ, ਵਿਸਲ ਵਜਾਵੇ ਟਰ ਟਰ
ਇਹ ਬਸ ਨਾਨ ਸਟਾਪ ਹੈ ਬਾਬਾ, ਧੁਰ ਲੁਧਿਆਣੇ ਜਾਣੀ
ਕੁੱਪ, ਰਹੀੜੇ ਕਿਤੇ ਨਾ ਖੜ੍ਹਨੀ, ਨਾਲੇ ਕੈਸੇ ਫੰਟਰ।



Sri Satguru Jagjit Singh Ji eLibrary NamdhariElibrary@gmail.com

## ਟਰੱਕ ਡਰਾਇਵਰ

ਲੰਮਾ ਸਫ਼ਰ, ਟਰੱਕ ਡਰਾਇਵਰ, ਸਿਰ 'ਤੇ ਰਖਦੇ ਪਰਨਾ
ਜ਼ਰਦਾ ਚੂੱਟਕੀ, ਫੀਮ ਦਾ ਕੰਡਾ. ਪਏ ਉਣੀਂਦਾ ਜਰਨਾ
ਕਰਦੇ ਰੱਬ ਨੂੰ ਯਾਦ ਪਿਆਰੇ, ਹੱਥ ਸਟੇਰਿੰਗ ਉੱਤੇ
ਢਾਬਿਆਂ ਉੱਤੇ ਛਕਣ ਮੰਨੀਆਂ, ਪੈੱਗ ਵੀ ਪੈਂਦਾ ਭਰਨਾ।

## ਮੌਜੀ 'ਪੰਛੀਂ'

ਜਾਨ ਖਾਣ ਨੂੰ ਬੱਚੇ ਜੰਮਦੇ, ਭਾਵੇਂ ਇਹ ਮਜਬੂਰੀ
ਵਿੱਚ ਗ੍ਰਿਹਸਤੀ ਰਹਿਣਾ ਪੈਂਦਾ, ਕਰਕੇ ਸਬਰ-ਸਬੂਰੀ
ਛੜਿਆਂ ਨੂੰ ਕੋਈ ਫਿਕਰ ਨਾ ਹੁੰਦਾ, ਜਿੱਥੇ ਜਾਵਣ ਮਰਜ਼ੀ
'ਪੰਛੀਂ' ਆਪਣੀ ਮੌਜ 'ਚ ਰਹਿੰਦੇ, ਰਚਦੇ 'ਸਿਦਕ-ਕਥੂਰੀਂ'।

## ਈਲੂ ਈਲੂ ਆਖੋ

ਈਲੂ ਈਲੂ ਆਖੀ ਜਾਂਦੀ, ਈਲੂ ਸ਼ੈਅ ਕੀ ਅੜੀਏ
ਈਲੂ ਈਲੂ ਹਰ ਕੋਈ ਕਹਿੰਦਾ, ਇਸ ਵਿੱਚ ਖਿੱਚ ਬੜੀ ਏ
ਬੁੱਢਾ ਤੋਤਾ ਰਾਮ ਰਾਮ ਤੇ ਗੱਭਰੂ ਈਲੂ ਆਖੇ
ਜਿਹੜਾ 'ਪੰਛੀਂ' ਈਲੂ ਬੋਲੇ, ਘਰ ਵਿੱਚ ਉਹਦੀ ਤੜੀ ਏ।



Sri Satguru Jagjit Singh Ji eLibrary NamdhariElibrary@gmail.com

## ਬਿਨਾਂ ਪੜ੍ਹਨ ਤੋਂ ਰੁਤਬਾ

ਘਰ ਵਾਲੀ ਨੂੰ ਮੈਂ ਸਮਝਾਵਾਂ, ਚਾਰ ਕੁ ਅੱਖਰ ਪੜ੍ਹ ਜਾ
ਤੂੰ ਵੀ ਪੜ੍ਹਿਆਂ ਲਿਖਿਆਂ ਵਾਲੀ, ਵਿੱਚ ਕਤਾਰ ਦੇ ਖੜ੍ਹ ਜਾ
ਪਰ ਉਹ ਆਖੇ ਬਿਨਾਂ ਪੜ੍ਹਨ ਤੋਂ, ਰੁਤਬਾ ਥੋੜੇ ਵਾਲਾ
'ਪੰਛੀ' ਮੰਨ ਕੇ ਅਰਜ਼ ਅਸਾਡੀ, ਦਿਲ ਪਿੰਜਰੇ ਵਿੱਚ ਵੜ ਜਾ।

## ਧੁਨ ਦੇ ਪੱਕੇ

ਆਪਣੇ ਆਪ ਨੂੰ ਫੰਨੇ ਖ਼ਾਂ, ਇਹ ਸਾਹਿਤਕਾਰ ਅਖਵਾਉਂਦੇ
ਭੁੱਖੇ ਰਹਿ ਕੇ ਕਲਮ੍ਹ ਘਸਾਉਂਦੇ, ਛੁਪ ਕੇ ਝੱਟ ਲੰਘਾਉਂਦੇ
ਘਰ ਵਾਲੀ ਸੰਗ ਇੱਟ-ਖੜੱਕਾ, ਰੋਜ਼ ਹੀ ਹੁੰਦਾ ਰਹਿੰਦਾ
ਫਿਰ ਵੀ ਆਪਣੀ ਧੁਨ ਦੇ ਪੱਕੇ, ਪੂਰੀ ਤੜੀ ਜਮਾਉਂਦੇ।

## ਫਿੜਕਾ ਹੋਈਆਂ ਬਸਾਂ

ਬਸ ਡਰਾਈਵਰ ਅਤੇ ਕੰਡਕਟਰ, ਰੱਬ ਬਣਾਈ ਜੋੜੀ
ਖ਼ੂਬ ਨਿਭਾਉਂਦੇ ਆਪਸ ਵਿੱਚ ਨੇ, ਨਾ ਅੰਨ੍ਹੇ ਨਾ ਕੋਹੜੀ
ਬਸ ਸਵਾਰੀ ਸਿਫ਼ਤਾਂ ਕਰਦੀ, ਕਿਆ ਬੋਲਣ ਦਾ ਲਹਿਜ਼ਾ
ਫਿੜਕਾ ਹੋਈਆਂ ਬੱਸਾਂ ਯਾਰੋ, ਇਹ ਜਾਂਦੇ ਨੇ ਰੋਹੜੀ।



Sri Satguru Jagjit Singh Ji eLibrary NamdhariElibrary@gmail.com

## ਕਹੇ ਕੋਈ ਸਾਨੂੰ ਈਲੂ

ਕਈ ਵਾਰੀ ਤਾਂ ਮਨ ਵਿਚ ਆਵੇ, ਕਹੇ ਕੋਈ ਸਾਨੂੰ ਈਲੂ
ਸਾਨੂੰ ਵੀ ਤਾਂ ਏਹੋ ਭਾਵੇ, ਕਹੇ ਕੋਈ ਸਾਨੂੰ ਈਲੂ
ਕਿਸੇ ਬੇਗਾਨੀ ਲੇਡੀ ਤਾਈਂ, ਈਲੂ ਕਹਿ ਨਾ ਹੋਇਆ
ਬੇਸ਼ੱਕ ਚੰਦਰਾ ਮੰਨੂਆਂ ਗਾਵੇ, ਕਹੇ ਕੋਈ ਸਾਨੂੰ ਈਲੂ!

## ਹਿਬੜ ਹਿਬੜ

ਜਾਹ ਓਏ ਬੰਦਿਆ ਤੂੰ ਕੀ ਖੱਟਿਆ ਝੂਠਾ ਚਸਕਾ ਲੈ ਕੇ
ਕੂੜ ਰਸਾਂ ਵਿੱਚ ਭਟਕ ਰਿਹਾ ਏਂ, ਕੂੜੇ ਚਸਕੀਂ ਪੈ ਕੇ
ਹਿਬੜ ਹਿਬੜ ਕੀ ਕਰਦੈਂ ਮਿੱਤਰਾ, ਰੁਲ ਜਾਣੀ ਚਤੁਰਾਈ
ਐਸੀ ਤੈਸੀ ਫਿਰ ਜੂ 'ਪੰਛੀ', ਜਾਨਵਰਾਂ ਵਿੱਚ ਬਹਿ ਕੇ।

## ਮਿੱਤਰ ਪਿਆਰੇ

ਅਣਖੀ, ਕੋਮਲ, ਗਾਸੋ, ਭੱਠਲ, ਪਦਮ, ਖਾਮੋਸ਼ ਜੋ ਸਾਰੇ
ਹੀਰਿਆਂ ਵਰਗੇ, ਮੋਤੀਆਂ ਵਰਗੇ, 'ਪ੍ਰੇਮੀ' ਪਿਆਰੇ ਪਿਆਰੇ
'ਨਾਜ਼' ਭਾਰਤੀ, ਐੱਸ.ਤਰਸੇਮ, ਅੰਜੁਮ, ਸ਼ੰਕਰ, ਭੌਰਾ
ਦਾਸ, ਦੀਪ, ਸਚਿਆਰ ਨੂੰ ਮਿਲ ਕੇ, ਆਉਂਦੇ ਰਹਿਣ ਤਰਾਰੇ।



Sri Satguru Jagjit Singh Ji eLibrary NamdhariElibrary@gmail.com

## ਵਾਰੇ ਨਿਆਰੇ

ਕਈ ਸਾਹਿੰਬ ਨੇ ਚੁਪ-ਚੁਪੀਤੇ, ਬੋਲਣ ਕਈ ਕਰਾਰੇ
ਕਈ ਹੁੰਦੇ ਨੇ ਮਿੱਠੀਆਂ ਛੁਰੀਆਂ, ਕੁਝ ਹੁੰਦੇ ਸਚਿਆਰੇ
ਟਰਕਾਲੋਜੀ ਮਾਰਨ ਵਾਲੇ, ਕਰਦੇ ਕੰਮ ਪਿਆਰੇ
ਫੇਰਦੇ ਫੰਡ ਦੀ ਐਸੀ ਤੈਸੀ, ਹੁੰਦੇ ਵਾਰੇ ਨਿਆਰੇ।

## ਇਕ ਤਹਿਜ਼ੀਬ

ਕਹਿਣ ਮੁਕੱਰਰ, ਖ਼ੂਬ ਕਿਹਾ ਹੈ, ਆਖੋ ਫੇਰ ਦੁਬਾਰਾ
ਸ਼ਾਇਰ ਅਨਾੜੀ ਦਾ ਤਾਂ ਏਦਾਂ, ਚੜ੍ਹ ਜਾਂਦਾ ਹੈ ਪਾਰਾ
ਇਹ ਵੀ ਇੱਕ ਤਹਿਜ਼ੀਬ ਹੈ ਯਾਰੋ, ਉਰਦੂ ਵਾਲਿਆਂ ਅੰਦਰ
ਚੰਗੇ ਸ਼ਿਅਰ ਨੂੰ ਖ਼ੂਬ ਮਾਣਦੇ, ਭਰਦੇ ਰਹਿਣ ਹੁੰਗਾਰਾ।

## ਇੱਕ ਬਸ ਕੰਡਕਟਰ

ਲਿਬੜਾ ਬਸ ਦਾ ਇੱਕ ਕੰਡਕਟਰ, ਉਸ ਦੀ ਗੱਲ ਸੁਣਾ ਦਿਆਂ
ਇੱਕ ਮਾਈ ਦੀ ਗੱਲ ਸੁਣਾ ਕੇ, ਰੋਂਦਿਆਂ ਤਾਈ ਹਸਾ ਦਿਆਂ
ਵੇ-ਭਾਈ ਮੈਂ ਟਿਕਟ ਕਟਾ ਲੀ, ਸੀਟ ਦਵਾ ਦੇ ਮੈਨੂੰ
ਇੱਕ ਠਿਆਨੀ ਪਿੱਛੇ ਮਾਈ, ਤੈਨੂੰ ਪਲੰਘ ਵਿਛਾ ਦਿਆਂ।



Sri Satguru Jagjit Singh Ji eLibrary NamdhariElibrary@gmail.com

## ਮੱਤਾਂ ਦੇਵਣ ਵਾਲੇ

ਇੱਕ ਬਸ 'ਤੇ ਚਾੜ੍ਹੀ ਜਾਵੇ, ਬੱਚੇ ਭੋਲੇ ਭਾਲੇ
ਅੱਧੀ ਦਰਜਨ ਖਿਚ-ਖਿਚਾ ਕੇ, ਕੋਲੋ ਕੋਲ ਬਹਾ ਲੇ
ਜੇਕਰ ਅੱਧੇ ਘਰ ਛੱਡ ਆਉਂਦੀ, ਬੜੀ ਸੁਖਾਲੀ ਰਹਿੰਦੀ
ਅਧਿਓਂ ਵੱਧ ਤਾਂ ਘਰ ਛੱਡ ਦਿੱਤੇ, ਮੱਤਾਂ ਦੇਵਣ ਵਾਲੇ।

## ਸ਼ਾਇਰ ਵਿਚਾਰੇ

ਚੱਬ ਚੱਬ ਕੇ ਸ਼ਿਅਰ ਆਖਦੇ, ਸ਼ਾਇਰ ਨਖ਼ਰੇ ਵਾਲੇ
ਵਿੱਚ ਮੁਸ਼ਾਇਰੇ ਪੈਂਗ ਵੀ ਚਲਦੇ, ਹੋ ਜਾਂਦੇ ਮਤਵਾਲੇ
ਸਿਗਰਟ ਪੀ ਕੇ ਵਾਹ ਵਾਹ ਕਰਦੇ, ਝੂਮ ਝੂਮ ਕੇ ਗਾਉਂਦੇ
ਮੰਗਦੇ ਫਿਰਨ ਕਿਰਾਇਆ ਯਾਰੋ, ਇਹ ਇਸ਼ਕਾਂ ਦੇ ਗਾਲੇ।

## ਪੂਜਣ ਵੱਡ ਵਡੇਰੇ

ਗਾਈਆਂ, ਮੱਝਾਂ, ਕਟਰੂ, ਵੱਛਰੂ, ਡੰਗਰ ਹੋਰ ਬਥੇਰੇ
ਬੁੱਢੇ, ਬੱਚੇ, ਕੁੜੀਆਂ, ਬੁੜ੍ਹੀਆਂ, ਪਾ ਲੈਂਦੇ ਨੇ ਘੇਰੇ
ਐਡੇ ਵੱਡੇ ਟੱਬਰ ਦੇ ਵਿੱਚ, ਮੱਤ ਜਾਂਦੀ ਹੈ ਮਾਰੀ
ਬੱਚੇ ਰੋਟੀ ਤਾਈਂ ਵਿਲਕਣ, ਪੂਜਣ ਵੱਡ ਵਡੇਰੇ।



Sri Satguru Jagjit Singh Ji eLibrary NamdhariElibrary@gmail.com

## ਮਨ-ਸੂਤਰ

ਜਦ ਮਸਤਾਨੇ ਲੋਰ 'ਚ ਆਉਂਦੇ, ਪੈ ਜਾਂਦਾ ਹੈ ਸੂਤਰ
ਰੱਬ ਉਸ ਦਾ ਮਨ ਸਿੱਧਾ ਕਰਦਾ, ਮਨ ਹੋ ਜਾਂਦਾ ਸੂਤਰ
ਕੀਹਨੂੰ ਕੀਹਨੂੰ ਸੂਤ ਕਰੇਂਗਾ, ਓ 'ਪੰਛੀ' ਦਿਆ ਪੁੱਤਰਾ
ਆਪਣੇ ਆਪ ਦੀ ਖ਼ਬਰ ਨਹੀਂ ਹੈ, ਮੂਲ ਨਾ ਭਾਂਦਾ ਸੂਤਰ।

## ਸਮਝੌਤਾ

ਚੋਣ ਆਈ ਤੋਂ ਚੋਣਾਂ ਦੇ ਵਿੱਚ ਨਾਹਰਾ ਮਾਰ ਕੇ ਖੜ੍ਹੀਏ
ਬੈਠਣ ਦੀ ਕੋਈ ਗੱਲ ਨਾ ਕਰੀਏ, ਚੰਦਾ 'ਕੱਠਾ ਕਰੀਏ
ਜਦ ਕੋਈ ਵੱਡਾ ਕੈਂਡੀਡੇਟ, ਆ ਕੇ ਮਿੰਨਤਾਂ ਕਰ ਜੇ
ਬੈਠ ਜਾਈਏ ਸਮਝੌਤਾ ਕਰਕੇ, ਜੱਗ ਤੋਂ ਕਾਹਤੋਂ ਡਰੀਏ।

## ਸਰਵਿਸ ਦੀ ਲਾਚਾਰੀ (1991 ਚੋਣਾਂ ਸਮੇਂ)

ਸਭ ਸਰਕਾਰੀ ਸਰਵਿਸ ਵਾਲੇ, ਡਰਦੇ ਫਿਰਨ ਵਿਚਾਰੇ
ਐਸੀ ਦਹਿਸ਼ਤ ਫੈਲ ਗਈ ਹੈ, ਆਸੇ ਪਾਸੇ ਸਾਰੇ
ਇਕ ਪਾਸੇ ਹੈ ਜਾਨ ਪਿਆਰੀ, ਦੂਜੇ ਪਾਸੇ ਸਰਵਿਸ
ਸੱਪ ਦੇ ਮੂੰਹ ਵਿੱਚ ਕਿਰਲੀ ਆਈ, ਨਾ ਛੱਡੇ, ਨਾ ਮਾਰੇ।



NamdhariElibrary@gmail.com

## ਚੋਣ ਡਿਊਟੀ

ਚੋਣਾਂ ਦੇ ਵਿੱਚ ਡਿਊਟੀ ਦਿੱਤੀ, ਭੁੱਖਣ ਭਾਣੇ ਰਹਿ ਕੇ
ਕੈਂਪਾਂ ਦੇ ਵਿੱਚ ਰਾਤ ਬਿਤਾਈ, ਜਾਗ ਜਾਗ ਕੇ ਬਹਿ ਕੇ
ਇਹ ਚੋਣਾਂ ਵਿੱਚ ਹੋਈ ਤੇਰ੍ਹਵੀ, ਪਹਿਲਾਂ ਕਦੇ ਨਾ ਹੋਈ
ਵੋਟਾਂ ਪਈਆਂ ਨਿੱਲ ਬਰਾਬਰ, ਡਰ ਡਰ ਕੇ ਡਰ ਸਹਿ ਕੇ।

## ਚੋਣ ਮਜ਼ਾਕ

ਚੋਣ ਕਰਾ ਕੇ ਦਿੱਲੀ ਵਾਲਿਆਂ, ਆਪਣਾ ਵਚਨ ਨਿਭਾਇਆ
ਇਹ ਜਮਹੂਰੀ ਢੰਗ ਹੈ ਸਾਡਾ, ਵਾਰ ਵ਼ਾਰ ਅਜ਼ਮਾਇਆ
ਇੱਕ ਵੱਡੇ ਹਿੱਸੇ ਨੇ ਯਾਰੋ, ਵੋਟ ਨਹੀਂ ਹੈ ਪਾਈ
ਇਹ ਤਾਂ ਇੱਕ ਮਜ਼ਾਕ ਦੇ ਵਾਂਗੂ, ਲੋਕਾਂ ਨੇ ਫ਼ਰਮਾਇਆ।

## ਚੁਣੀ ਹੋਈ ਸਰਕਾਰ

ਭਾਵੇਂ ਚੋਣ ਕਿਹੋ ਜਿਹੀ ਹੋਈ, ਫਿਰ ਵੀ ਚੰਗਾ ਹੋਇਆ
ਰਾਮ ਰਾਮ ਕਰ ਲੰਘੀਆਂ ਵੋਟਾਂ, ਕੋਈ ਨਾ ਦੰਗਾ ਹੋਇਆ
ਬਣ ਗਈ ਸਰਕਾਰ ਚੋਣਵੀ, ਅਫ਼ਸਰ ਸ਼ਾਹੀ ਪਿੱਛੋਂ
ਜੇ ਕੋਈ ਮਸਲਾ ਹੱਲ ਨਾ ਕੀਤਾ, ਫਿਰ ਤਾਂ ਪੰਗਾ ਹੋਇਆ।



Sri Satguru Jagjit Singh Ji eLibrary NamdhariElibrary@gmail.com

## ਸਹਿਮੇ ਕਰਮਚਾਰੀ

ਜਿੰਨ੍ਹਾਂ ਦਿੱਤੀ ਚੋਣ 'ਚ ਡਿਊਟੀ, ਉਹ ਵੀ ਸਹਿਮੇ ਹੋਏ
ਜਿੰਨ੍ਹਾਂ ਕਰ ਇਨਕਾਰ ਹੈ ਦਿੱਤਾ, ਨੋਟਿਸ ਫੜ ਕੇ ਰੋਏ
ਕਰਮਚਾਰੀ ਤਾਂ ਦੋਹੀਂ ਪਾਸੀਂ, ਮਾਰੇ ਗਏ ਵਿਚਾਰੇ
ਡਰ ਹੀ ਡਰ ਵਿੱਚ ਸਹਿਮ ਸਹਿਮ ਕੇ, ਫਿਰਦੇ ਮੋਏ ਮੋਏ।

## ਲਹਿ ਗਏ ਸਾਰੇ ਪਰਦੇ

ਕਾਲਜ ਦੇ ਵਿੱਚ ਮੁੰਡੇ ਕੁੜੀਆਂ, ਫਿਰਨ ਮਖੌਲਾਂ ਕਰਦੇ
ਇਹ ਇੱਕ ਨਵਾਂ ਮਾਹੌਲ ਸਿਰਜਦੇ, ਯਾਦ ਨਾ ਰਹਿੰਦੇ ਘਰਦੇ
ਘੁੱਗੀਆਂ ਵਾਂਗੂ ਘੂੰ ਘੂੰ ਕਰਦੇ, ਵਾਂਗ ਕਬੂਤਰ ਗੁਟਕਣ
ਕਰਨ ਵਿਚਾਰਾਂ, ਬਹਿਸ, ਮੁਬਾਸੇ, ਲਹਿ ਗਏ ਸਾਰੇ ਪਰਦੇ।

## ਵੱਡੀ ਜਿੱਤ

ਖਾੜਕੂਆਂ ਦੇ ਦਬਕੇ ਕੋਲੋਂ, ਡਰ ਕੇ ਵੋਟ ਨਾ ਪਾਏ
ਕੁਝ ਗੁੱਟਾਂ ਨੇ ਬਾਈਕਾਟ ਦੇ, ਨਾਹਰੇ ਵੀ ਸਨ ਲਾਏ
ਨਾਂ-ਮਾਤਰ ਹੀ ਵੋਟਾਂ ਪਈਆਂ, ਫਿਰ ਵੀ ਚੋਣ ਤਾਂ ਹੋਈ
ਖੱਦਰ-ਪੋਸ਼ਾਂ ਵੱਡੀ ਜਿੱਤ ਦੇ, ਉੱਚੀ ਬਿਗਲ ਵਜਾਏ।



Sri Satguru Jagjit Singh Ji eLibrary NamdhariElibrary@gmail.com

## ਚੱਲ ਮੁਸਕਾ ਕੇ ਸੱਜਣਾ

ਚਲੋ ਚਾਲ ਵਿੱਚ ਚਲਦੇ ਜਾਣਾ, ਚਲਣਾ ਬੜਾ ਜ਼ਰੂਰੀ
ਪਿਛਲ-ਖੋੜੀ ਚੱਲਣ ਵਾਲੇ ਕੀ ਪਾਵਣ ਗੇ ਪੂਰੀ
ਹਸਦੇ, ਨਚਦੇ, ਟਪਦੇ ਜਾਣਾ, ਇਹੋ ਕਰਤਬ ਹੁੰਦੈ
ਤੂੰ ਵੀ ਚੱਲ ਮੁਸਕਾ ਕੇ ਸੱਜਣਾ, ਕਿਉਂ ਵਟਦਾ ਏਂ ਘੂਰੀ।

## ਅੱਜ ਦੇ ਸਾਧੂ

ਚਲੋ ਚਾਲ ਦਾ 'ਡੇਰਾ ਏਥੇ, ਸਾਧੂ ਨੇ ਫਰਮਾਉਂਦੇ
ਕੁਝ ਵੀ ਨਾਲ ਨੀ ਜਾਣਾ ਭਾਈ, ਉੱਚੀ ਸੁਰ ਵਿੱਚ ਗਾਉਂਦੇ
ਪਰ ਉਹ ਆਪੂੰ ਵਿੱਚ ਝਮੇਲੇ, ਦੁਨੀਆਂ-ਦਾਰਾਂ ਵਾਂਗੂੰ
ਖਾਂਦੇ-ਪੀਂਦੇ, ਐਸ਼ ਉਡਾਉਂਦੇ, ਅਤਰ ਫਲੇਲ ਵੀ ਲਾਉਂਦੇ।

## ਸਿੱਧਾ ਰਸਤਾ

ਸਾਧ ਭਲੇ ਅਣ-ਨਾਹਤਿਆਂ ਬੀਬਾ, ਕਈ ਵਾਰ ਹੈ ਸੁਣਿਆਂ
ਚੋਰਾਂ ਨੇ ਤਾਂ ਚੋਰ ਹੀ ਰਹਿਣਾ, ਦੁੱਧੋਂ ਪਾਣੀ ਪੁਣਿਆਂ
ਹੁਣ ਤਾਂ ਏਥੇ ਸਾਧ ਚੋਰ ਦਾ, ਪਤਾ ਕੋਈ ਨਾ ਲੱਗਦਾਂ
'ਪੰਛੀ' ਨੇ ਸਭ ਛੱਡ ਝਮੇਲੇ, ਸਿੱਧਾ ਰਸਤਾ ਚੁਣਿਆਂ।



Sri Satguru Jagjit Singh Ji eLibrary NamdhariElibrary@gmail.com

## ਝੱਲਾ ਪਰਵਾਨਾ

ਕੀ ਆਸ਼ਕ ਦੀ ਜੂਨ ਹੈ 'ਪੰਛੀ' ਸਦਾ ਤੜਫਦਾ ਰਹਿੰਦਾ
ਭੁੱਬਲ ਦੇ ਵਿੱਚ ਜੀਕਣ ਦਾਣੇਂ, ਤਿਵੇਂ ਤਿੜਕਦਾ ਰਹਿੰਦਾ
ਕਰਦੀ ਹੈ ਵਡਿਆਈ ਦੁਨੀਆਂ, ਆਸ਼ਕ, ਆਸ਼ਕ ਕਹਿ ਕੇ
ਹੁਸਨ ਸ਼ਮ੍ਹਾ ਦੇ ਜਾਲ 'ਚ ਝੱਲਾ, ਰੋਜ਼ ਝੁਲਸਦਾ ਰਹਿੰਦਾ।

## ਕਿੱਸੇ ਜੋੜੀ ਜਾਵੇ

ਲੈਲਾ, ਸੱਸੀ, ਹੀਰ, ਸੋਹਣੀ ਦੀ ਰੋਜ਼ ਕਹਾਣੀ ਕਰੀਏ
ਮਜਨੂੰ, ਰਾਂਝੇ, ਮਹੀਵਾਲ ਤੇ ਪੰਨੂ ਸੰਗ ਕੀ ਗੁਜ਼ਰੀ ਏ
ਕਿਹੜਾ ਮਾਪਾ ਧੀ-ਪੁੱਤ ਨੂੰ, ਰਾਂਝਾ ਹੀਰ ਬਣਾਵੇ
ਐਵੇਂ ਕਿੱਸੇ ਜੋੜ ਜੋੜ ਕੇ, ਜਾਵੇ ਸ਼ਾਇਰ ਧਰੀ ਏ।

## ਪਾਗ਼ਲ-ਖਾਨਾ

ਪਾਗ਼ਲ-ਖਾਨੇ ਹਰ ਇੱਕ ਪਾਗ਼ਲ, ਮਸਤੀ ਦੇ ਵਿਚ ਗਾਵੇ
ਆਪਣੇ ਆਪ ਨੂੰ ਹਿੱਕ ਠੋਕ ਕੇ, ਨੇਤਾ ਸਾਹਿਬ ਕਹਾਵੇ
ਉਹ ਬੰਦਾ ਤਾਂ ਧੰਨ ਹੀ ਜਾਣੋ, ਜੋ ਇਹਨਾਂ ਸੰਗ ਕਟਦੈ
ਮੈਂ ਨਹੀ ਪਾਗ਼ਲ, ਮੈਂ ਨਹੀ ਪਾਗ਼ਲ, ਹਰ ਇੱਕ ਰੱਟ ਲਗਾਵੇ।



Sri Satguru Jagjit Singh Ji eLibrary NamdhariElibrary@gmail.com

## ਰਿਸ਼ਵਤ ਚਾਰ ਚੁਫ਼ੇਰੇ

ਮਾੜੇ ਕਰਮ ਜਿਨ੍ਹਾਂ ਦੇ ਹੋਵਣ, ਵਿੱਚ ਕਚਹਿਰੀ ਜਾਂਦੇ
ਭਰ ਕੇ ਜਾਂਦੇ ਜੇਬ ਆਪਣੀ, ਕਰ ਖਾਲੀ ਮੁੜ ਆਂਦੇ
ਬਿਨ ਪੈਸੇ ਤਾਂ ਚਪੜਾਸੀ ਵੀ, ਨੇੜੇ ਖੜ੍ਹਨ ਨਾ ਦੇਵੇ
ਰਿਸ਼ਵਤ ਬਾਝੋਂ ਕੁਝ ਨਹੀਂ ਹੁੰਦਾ, ਬਿਨ ਡਰ ਤੋਂ ਫਰਮਾਂਦੇ।

## ਬੱਚੇ ਮੰਗਦੇ ਲੋਹੜੀ

ਲੋਹੜੀ ਵਾਲੇ ਬੱਚੇ ਆਂਦੇ, ਆਂਟੀ ਦੇਵੋ ਲੋਹੜੀ
ਪੈਸੇ, ਲੱਕੜ, ਪਾਥੀ ਦੇਵੋ ਜਾਂ ਇੱਕ ਗੁੜ ਦੀ ਰੋੜੀ
ਇਕੋ ਰੱਟ ਲਗਾਈ ਜਾਂਦੇ, ਦਰ ਉਤੋਂ ਨਾ ਹਿਲਦੇ
ਟੱਪਦੇ, ਨੱਚਦੇ, ਰੌਲਾ ਪਾਂਦੇ, ਨਾਲੇ ਗਾਂਦੇ ਘੋੜੀ।

## ਪਾਪੜ ਵੇਲੋ

ਇੱਕ ਕਿਤਾਬ ਛਪਾਵਣ ਖ਼ਾਤਰ, ਸੌ ਸੌ ਪਾਪੜ ਵੇਲੋ
ਰਾਵਾਂ ਖ਼ਾਤਰ ਭੱਜੋ ਨੱਠੋ, ਵਿੱਚ ਬਸਾਂ ਦੇ ਖੇਲੋ
ਛਾਪੇਖਾਨੇ ਅੰਦਰ ਜਾ ਕੇ, ਪੜ੍ਹੋ ਪਰੂਫ਼ ਵਿਚਾਰੋ
ਜਿਲਦ ਵਾਲਿਆਂ ਕੋਲੇ ਬਹਿ ਕੇ, ਚਾਰੇ ਕੰਨੀਆਂ ਮੇਲੋ।



Sri Satguru Jagjit Singh Ji eLibrary NamdhariElibrary@gmail.com

## ਰੀਟਾਇਰਮੈਂਟ

ਸਾਲ ਠਵੰਜਾ ਬੀਤ ਜਾਣ 'ਤੇ, ਕਾਰਜ ਮੁਕਤ ਜਾਂ ਹੋਏ
ਸੱਜਣਾਂ ਮਿੱਤਰਾਂ ਸਿਫ਼ਤਾਂ ਕੀਤੀਆਂ, ਮਨ ਵਿੱਚ ਥੋੜ੍ਹਾ ਰੋਏ
ਇੱਕ ਵਾਰ ਤਾਂ ਝਟਕਾ ਲੱਗਿਆ, ਘਟ ਗਈਆਂ ਤਨਖਾਹਾਂ
ਬੱਚਿਆਂ ਪੈਸੇ ਝਪਟ ਲਏ ਤਾਂ ਫਿਰੀਏ ਖੋਏ ਖੋਏ।

## ਗੱਲ ਹੈ ਜਟਕੀ

ਸਰਵਿਸ ਵਾਲੇ ਮੁੰਡੇ ਖ਼ਾਤਰ, ਨੌਕਰ ਹੋਵੇ ਲੜਕੀ
ਟੀ.ਵੀ. ਅਤੇ ਫਰਿੱਜ ਵੀ ਹੋਵੇ, ਸਿੱਧੀ ਗੱਲ ਹੈ ਜਟਕੀ
ਕਾਰ ਮਾਰੂਤੀ ਜੋਗੇ ਪੈਸੇ, 'ਲੈਣੇ ਅੰਦਰ ਖਾਤੇ
ਹਾਲੇ ਮੂੰਹ-ਮੁਲ੍ਹਾਜੇ ਰੱਖਣੇ, ਫਸ ਕੇ ਜਿੰਦੜੀ ਫਟਕੀ।

## ਚਿਤਰਹਾਰ

ਬੱਚੇ ਮਾਈ ਭਾਈ ਪਟ ਤੇ, ਟੀ.ਵੀ. ਕਾਹਦੀ ਆਈ
'ਵਾਜਾਂ ਮਾਰ ਕੇ ਸਾਰਾ ਟੱਬਰ, ਲੈਂਦੇ ਕੋਲ ਬੁਲਾਈ
ਚਿਤਰਹਾਰ ਰਲ ਵੇਖੋ ਸਾਰੇ, ਖ਼ੂਬ ਚਰਿੱਤਰ ਮਾਰੋ
ਭਾਰਤੀਆਂ ਦੇ ਚਾਲ-ਚਲਨ ਦੀ, ਹੁੰਦੀ ਰੋਜ਼ ਸਫ਼ਾਈ।



Sri Satguru Jagjit Singh Ji eLibrary NamdhariElibrary@gmail.com

## ਪੇਟ-ਪਰਸਤੀ

ਅੱਜ ਸਿਆਸਤ ਖ਼ੁਦ-ਗ਼ਰਜ਼ੀ ਦੀ, ਪੇਟ ਪਰਸਤੀ ਵਾਲੀ
ਆਪਣੀਆਂ ਜੇਬਾਂ ਭਰੀਆਂ ਹੋਵਣ ਤੇ ਲੋਕਾਂ ਦੀਆਂ ਖ਼ਾਲੀ
ਅੰਨ੍ਹੀ ਪੀਹੀ ਜਾਵੇ ਮੀਆਂ, ਕੁੱਤਾ ਜਾਵੇ ਚੱਟੀ
ਕੌਣ ਗ਼ਰੀਬ ਨੂੰ ਪੁੱਛਦੈ 'ਪੰਛੀ', ਕੌਣ ਗ਼ਰੀਬ ਦਾ ਵਾਲੀ।

## ਸਾਨੂੰ ਨਾ ਸਮਝਾਵੋ

ਜਿਸ ਦੀ ਥਾਲੀ ਦੇ ਵਿੱਚ ਖਾਈਏ, ਛੇਕ ਉਸੇ ਵਿੱਚ ਕਰੀਏ
ਨਾ ਲੋਕਾਂ ਤੋਂ ਡਰੀਏ ਬੀਬਾ, ਨਾ ਅੱਲ੍ਹਾ ਤੋਂ ਡਰੀਏ
ਕੀ ਹੁੰਦੈ ਅਖ਼ਲਾਕ ਸੋਹਣਿਆਂ, ਸਾਨੂੰ ਨਾ ਸਮਝਾਵੋ
ਅਸੀਂ ਤਾਂ ਆਪਣੀ ਮੌਜ ਦੇ ਮਾਲਕ, ਜੋ ਚਾਹੀਏ ਸੋ ਕਰੀਏ।

## ਪਾਜ ਮੁਲੰਮਾ

ਬੜੀ ਵਾਰ ਮੈਂ ਜਿਸ ਨੂੰ ਤਕਿਆ, ਉਸ ਦੀ ਗੱਲ ਸੁਣਾਵਾਂ
ਪਰਦੇ-ਦਾਰੀ ਰੱਖਣ ਖ਼ਾਤਰ, ਢੁਕਵਾਂ ਸੀ ਸਿਰਨਾਵਾਂ
ਆਖ਼ਰ ਨੂੰ ਤਾਂ ਪਾਜ ਮੁਲੰਮਾ, ਲਹਿ ਗਿਆ ਚਾਨਣ ਹੋਇਆ
ਜੋ ਸਚਿਆਰਾ ਲਗਦਾ ਸੀ, ਪਰ ਅਸਲੋਂ ਨਿਕਲਿਆ ਝਾਵਾਂ।



Sri Satguru Jagjit Singh Ji eLibrary NamdhariElibrary@gmail.com

## ਆਪਣਾ ਆਪ ਸੰਭਾਲ

ਜੇ ਤੂੰ ਮਰ ਗਿਆ ਜੱਗ ਦੇ ਅੰਦਰ, ਕਿਹੜੀ ਪਰਲੋ ਆ ਜੂ
ਤੇਰੇ ਵਰਗੇ ਨੌਤੀ ਫਿਰਦੇ, ਫਿਰਨ ਹਿਲਾਉਂਦੇ ਬਾਜੂ
ਇਹ ਨਾ ਸਮਝ ਜਿੱਥੇ ਤੂੰ ਬੀਬਾ, ਓਥੇ ਹੀ ਚੰਨ ਚੜ੍ਹਦੈ
ਆਪਣੇ ਜੀਵਨ ਦੇ ਸਾਹਾਂ ਦਾ, ਫੜ ਕੇ ਰੱਖ ਤਰਾਜੂ।

## ਘਣੌਤਾਂ ਪਾਂਦੇ

ਨਿੱਕੀਆਂ ਨਿੱਕੀਆਂ ਗੱਲਾਂ ਉਤੇ ਸਿਆਣੇ ਵੀ ਰੁੱਸ ਜਾਂਦੇ
ਗੋਲ-ਮੋਲ ਜਿਹੀਆਂ ਗੱਲਾਂ ਕਰਦੇ, ਕਈ ਘਣੌਤਾਂ ਪਾਂਦੇ
ਆਪਣਾ ਆਪ ਛੁਪਾ ਜਾਂਦੇ ਨੇ, 'ਪੰਛੀ' ਬੀਬੇ ਰਾਣੇ,
ਕਿਤੇ ਤਾਂ ਦੱਸ ਹੀ ਜਾਂਦੇ ਨੇ, ਨੱਚਦੇ, ਟਪਦੇ, ਗਾਂਦੇ।

## ਸ਼ਬਦ ਜਾਲ

ਸਾਹਿਤਕਾਰਾਂ ਦੀ ਮਹਿਫ਼ਲ ਅੰਦਰ, ਜਾਵੋ ਖ਼ੁਸ਼ੀਆਂ ਮਾਣੋ
ਨੋਕ-ਝੋਕ ਵਿੱਚ ਪੂਰੇ ਉਤਰੋ, ਐਸੀ ਛਾਤੀ ਤਾਣੋ
ਸ਼ਬਦਾਂ ਦਾ ਇੱਕ ਜਾਲ ਵਿਛਾਵੋ, ਸਭ ਨੂੰ ਖੂੰਜੇ ਲਾਵੋ
ਲੋਕੀ ਤਾਂ ਹੀ ਸਿਫ਼ਤ ਕਰਨਗੇ, ਸੁਣ ਉਹਨਾਂ ਦੀ ਜਾਣੋ।



Sri Satguru Jagjit Singh Ji eLibrary NamdhariElibrary@gmail.com

## ਡੁਪਲੀਕੇਸੀ

ਡੁਪਲੀਕੇਸੀ ਦਾ ਜੁਗ ਆਇਆ, ਇਹ ਵੀ ਕਲਾ ਨਿਰਾਲੀ
ਅੱਜ ਕੱਲ੍ਹ ਜਿਹੜਾ ਇਹ ਨਾ ਜਾਣੇ, ਖੀਸਾ ਉਸ ਦਾ ਖ਼ਾਲੀ
ਸੱਚ ਵੀ ਡੁਪਲੀਕੇਟ ਭਰਾਵਾ, ਝੂਠ ਨੂੰ ਸੱਚ ਬਣਾਈਏ
ਆਪਣਾ ਉੱਲੂ ਸਿੱਧਾ ਕਰ ਤੂੰ, ਸਾਡਾ ਅੱਲ੍ਹਾ ਵਾਲੀ।

## ਮਾਂ-ਪੁੱਤ ਨੂੰ ਮੱਤਾਂ ਦੇਵੇ

ਮਾਂ ਆਖੇ ਪੁੱਤ ਇਹ ਨਹੀ ਚੰਗਾ, ਤੂੰ ਕਰਦੈਂ ਗੱਲ ਮਾੜੀ
ਮੈਂ ਤਾਂ ਏਦਾਂ ਕਰੂੰਗਾ ਮਾਈ, ਜਾਵੇਂ ਰੋਜ਼ ਤੂੰ ਝਾੜੀ
ਮੈਂ ਤੈਨੂੰ ਜੰਮ ਕੇ ਕੀ ਖੱਟਿਆ, ਜੂਨ ਵਰਾਨ ਹੈ ਹੋਈ
ਮੈਂ ਕਿਹੜਾ ਅਪਲਾਈ ਕੀਤੈ, ਜੰਮਣ ਲਈ ਫੁੱਲਵਾੜੀ।

## ਪੈਨਸ਼ਨਰ ਵਿਚਾਰੇ

ਪੈਨਸ਼ਨ ਲੈਣ ਜਦੋਂ ਹਾਂ ਜਾਂਦੇ, ਕਈ ਭਾਈ ਹਨ ਮਿਲਦੇ
ਕਈ ਤਾਂ ਖੂੰਡੀ ਨਾਲ ਹੀ ਤੁਰਦੇ, ਕਈ ਹਵਾ ਸੰਗ ਹਿਲਦੇ
ਰੋਣਾ ਰੋਂਦੇ ਵੇਖਾਂ ਮੀਆਂ, ਬੱਚਿਆਂ ਦੇ ਤੰਗ ਕੀਤੇ
ਚਿਹਰੇ ਨੇ ਮੁਰਝਾਏ ਹੋਏ, ਪਰ ਸੋਹਣੇ ਨੇ ਦਿਲ ਦੇ।



Sri Satguru Jagjit Singh Ji eLibrary NamdhariElibrary@gmail.com

## ਕੋਈ ਪੁੱਛਦਾ ਨਾਹੀਂ

ਜਦ ਮਿੱਤਰਾਂ ਨੂੰ ਮਿਲਦਾ ਹਾਂ, ਉਹ ਸੌ ਸੌ ਗੱਲਾਂ ਕਰਦੇ
ਬਹੁਤੇ ਅੰਦਰੋਂ ਹਾਰੇ ਹੋਏ, ਛੁਪ ਕੇ ਹਉਕੇ ਭਰਦੇ
ਮੈਂ ਆਖਾਂ ਇਹ ਕਾਰ ਜਗਤ ਦੀ, ਐਵੇਂ ਨਾ ਘਬਰਾਓ
ਕਹਿੰਦੇ ਕੋਈ ਪੁਛਦਾ ਨਾਹੀਂ, ਨਾ ਬਾਹਰ ਨਾ ਘਰ ਦੇ।

## ਨਸ਼ਿਆਂ ਦੇ ਆਦੀ

ਕੁਝ ਨਸ਼ਿਆਂ ਦੇ ਆਦੀ ਵੇਖੇ, ਜ਼ਰਦਾ ਚੁਟਕੀ ਲਾਉਂਦੇ
ਰਾਤਾਂ ਨੂੰ ਉਹ ਪੈਗ ਵੀ ਲਾਉਂਦੇ, ਆਪਣਾ ਦੁੱਖ ਘਟਾਉਂਦੇ
ਐਵੇਂ ਤਿਫ਼ਲ-ਤਸੱਲੀਆਂ ਦਿੰਦੇ, ਆਪਣੇ ਮਨ ਨੂੰ ਰਹਿੰਦੇ
ਜਦੋਂ ਨਿਰਾਸ਼ਾ ਘੇਰ ਹੈ ਲੈਂਦੀ, ਗੀਤ ਕਬਰ ਦੇ ਗਾਉਂਦੇ।

## ਮੌਤ ਦਾ ਸਹਿਮ

ਮੌਤ ਤਾਂ ਇੱਕ ਦਿਨ ਆ ਹੀ ਜਾਣੀ, ਪਲ ਪਲ ਡਰਦੇ ਰਹੀਏ
ਭਾਵੇਂ ਉਪਰੋਂ ਹਸਦੇ ਰਹੀਏ, ਐਧਰ ਓਧਰ ਬਹੀਏ
ਜਦੋਂ ਕਿਸੇ ਦੇ ਭੋਗ 'ਤੇ ਜਾਈਏ, ਬੜੇ ਹਿਸਾਬ ਲਗਾਂਦੇ
'ਪੰਛੀ' ਤੂੰ ਪਛਤਾ ਨਾ ਐਵੇਂ, ਸਭ ਨੂੰ ਇਹੋ ਕਹੀਏ।



Sri Satguru Jagjit Singh Ji eLibrary NamdhariElibrary@gmail.com

## ਸਾਊ ਬੰਦੇ

ਮੈਨੂੰ ਵੀ ਸਮਝਾ ਓ ਬੀਬਾ, ਕੀਕੂੰ ਕਰਾਂ ਗੁਜ਼ਾਰਾ
ਲੋਕ ਤਾਂ ਐਸੇ ਚਾਤਰ ਹੋਏ, ਗਲ 'ਤੇ ਫੇਰਨ ਆਰਾ
ਕੁੱਛੜ ਬਹਿ ਕੇ ਦਾੜ੍ਹੀ ਮੁੰਨਦੇ, ਉਂਜ ਉਹ ਸਾਊ ਬੰਦੇ
ਜੋ ਕਰਦੇ ਹਾਂ, ਕਹਿੰਦੇ ਚੰਗੈ, ਜੰਮਣਾ ਨਹੀਂ ਦੁਬਾਰਾ।

## ਸ਼ਤਾਨ ਦੀ ਟੂਟੀ

ਆ ਬਈ ਸਾਊ, ਆ ਬਈ ਮੁੰਡਿਆ, ਬਹਿ ਜਾ ਸਾਡੇ ਕੋਲੇ
ਦੱਸ ਫਿਰ ਕਿੱਦਾਂ ਬੀਤ ਰਹੀ ਹੈ, ਏਦਾਂ ਬੋਲਣ ਬੋਲੇ
ਕਾਰ-ਵਿਹਾਰ ਨਾ ਕਰਦੇ ਕੋਈ, ਬਾਤਾਂ ਨਾਲ ਹੀ ਸਾਰਨ
ਅੰਦਰੋਂ ਨਿਰੇ ਸ਼ਤਾਨ ਦੀ ਟੂਟੀ, ਬਾਹਰੋਂ ਲੱਗਦੇ ਭੋਲੇ।

## ਕੀਕਣ ਜ਼ੋਰ ਲਗਾਈਏ

ਥੋੜ੍ਹਾ ਥੋੜ੍ਹਾ ਰੋਜ਼ ਰੋਜ਼ ਹੀ, ਅੰਦਰੋਂ ਮਰਦੇ ਜਾਈਏ
ਹਸਦੇ ਹਾਂ ਪਰ ਆਪਣੇ ਗ਼ਮ ਨੂੰ, ਹਸਦੇ ਹਸਦੇ ਖਾਈਏ
ਹਈ ਸ਼ਾਵਾ ਜੀ ਜ਼ੋਰ ਲਗਾਵੋ, ਮੱਤਾਂ ਦੇਣ ਸਿਆਣੇ
ਧਰਤੀ 'ਤੇ ਜਦ ਪੈਰ ਨੀ ਲਗਦਾ, ਕੀਕਣ ਜ਼ੋਰ ਲਗਾਈਏ।



Sri Satguru Jagjit Singh Ji eLibrary NamdhariElibrary@gmail.com

## ਪਰਲੋ ਗਿੱਦੜ ਭਾਣੇ

ਉਂਜ ਤਾਂ ਜੀਵਨ ਨਾਸ਼ਵਾਨ ਹੈ, ਮੰਨੋ, ਕਹਿਣ ਸਿਆਣੇ
ਸਿਰ ਵਿੱਚ ਆ ਕੇ ਪੈਂਦੀ ਹੈ ਜਦ ਫਿਰ ਮੰਨਦੇ ਹਨ ਭਾਣੇ
ਇਸ ਗੱਲ ਅੰਦਰ ਸੱਚ ਹੈ ਕਿੰਨਾ, ਸਮਝ ਲਈਂ ਤੂੰ 'ਪੰਛੀ'
ਗਿੱਦੜ ਨੇ ਜਦ ਮਰ ਜਾਣਾ ਹੈ, ਪਰਲੋ ਉਸ ਦੇ ਭਾਣੇ।

## ਸਿਆਸੀ ਬੰਦਿਆਂ ਬਿਨਾਂ

ਬਿਨਾਂ ਸਿਆਸੀ ਬੰਦਿਆਂ ਦੇ ਵੀ, ਕੁਝ ਨਹੀ ਬਣਦਾ ਪਿਆਰੇ
ਭਾਵੇਂ ਫੇਰਨ ਸੌ ਵਾਰੀ ਇਹ ਲਾਲਚ ਵਾਲੇ ਆਰੇ
ਅੱਜ ਦੇ ਜੀਵਨ ਅੰਦਰ ਮਿੱਤਰਾ, ਇਹ ਵੀ ਬੜਾ ਜ਼ਰੂਰੀ
ਆਪਾਂ ਮਿੱਠੇ ਬੋਲ ਹੀ ਬੋਲੋ, ਇਹ ਜੇ ਬੋਲਣ ਖ਼ਾਰੇ।

## ਆਪਣੇ ਖੰਭ ਬਚਾਵੋ

ਕਿਹੜੇ ਪਾਸੇ ਜਾਵੇਂਗਾ ਤੂੰ, ਓ ਬੰਦੇ ਦਿਆ ਪੁੱਤਰਾ
ਦੁਨੀਆਂ ਵਾਲੇ ਇੱਕ ਦਿਨ ਤੇਰਾ ਕਰ ਦੇਣਗੇ ਕੁਤਰਾ
ਆਪਣੇ ਖੰਭ ਬਚਾ ਕੇ ਤੁਰ ਜਾ ਜੇ ਚੰਗੀ ਹੈ ਚਾਹੁੰਦਾ
ਨਹੀਂ ਤਾਂ ਤੇਰੀ ਖ਼ੈਰ ਨਹੀਂ ਹੈ, ਉਹ 'ਪੰਛੀ' ਦਿਆ ਪੁੱਤਰਾ।



Sri Satguru Jagjit Singh Ji eLibrary NamdhariElibrary@gmail.com

## ਅੰਧ-ਵਿਸ਼ਵਾਸ

ਮੇਲਿਆਂ ਉੱਤੇ ਭੀੜ ਭੜੱਕਾ, ਢੋਲ-ਢਮੱਕਾ ਵਜਦਾ
ਕੋਈ ਲੋਰ 'ਚ ਨਚਦਾ ਫਿਰਦਾ, ਕੋਈ ਕਰਦਾ ਸਜਦਾ
ਆਖਣ ਆਸਾਂ ਪੂਰੀਆਂ ਹੋਵਣ, ਸ਼ਰਧਾ ਨਾਲ ਜੇ ਆਈਏ
ਪਰ ਕੁਦਰਤ ਨੂੰ ਕੋਈ ਨਾ ਜਾਣੇ, ਅੰਧ-ਵਿਸ਼ਵਾਸ ਦਾ ਪਰਦਾ।

## ਨੇਤਾ ਦਾ ਫ਼ਰਮਾਨ

ਸੁਣੋ ਬਿਆਨ ਸਿਆਸੀ ਨੇਤਾ ਦਿੰਦੇ ਠੋਕ-ਵਜਾ ਕੇ
ਸਾਰੀਆਂ ਮੰਗਾਂ ਪੂਰ ਦਿਆਂਗੇ, ਕਹਿੰਦੇ ਰੌਲਾ ਪਾ ਕੇ
ਇੱਕ ਦੂਜੇ ਦੀ ਖੱਲ ਉਤਾਰਨ, ਫੋਕੀਆਂ ਕਰ ਤਕਰੀਰਾਂ
ਵੇਖਿਓ ਅਸੀ ਵਿਖਾ ਦੇਣਾ ਹੈ, ਪਿੰਡ ਨੂੰ ਸ਼ਹਿਰ ਬਣਾ ਕੇ।

## ਟਪੂਸੀ ਮਾਰ ਬੰਦੇ

ਏਕੇ ਏਕੇ ਦੀ ਰਟ ਲਾ ਕੇ, ਏਕਾ ਕਦੀ ਨਾ ਹੋਵੇ
ਅੰਦਰ ਤਾਂ ਖ਼ੁਦਗ਼ਰਜ਼ੀ ਭਰਿਆ, ਝੂਠੇ ਹਾਰ ਪਰੋਵੇ
ਐਸੀ ਧੱਕਮ-ਧੱਕੀ ਅੰਦਰ, ਬੰਦਾ ਉੱਖੜ ਜਾਂਦੈ
ਮਾਰ ਟਪੋਸੀ ਹੋਰ ਕਿਤੇ ਹੀ ਪਲ ਵਿੱਚ ਜਾ ਖਲੋਵੇ।



Sri Satguru Jagjit Singh Ji eLibrary NamdhariElibrary@gmail.com

## ਫੋਕਾ ਸਿਧਾਂਤ

ਜੇ ਕੋਈ ਬੰਦਾ ਪੜ੍ਹਿਆ ਲਿਖਿਆ, ਬਦਲ ਗਿਆ ਹੈ ਬਾਣਾ
ਉਸ ਨੂੰ ਕੋਈ ਫ਼ਾਇਦਾ ਹੋਸੀ, ਐਵੇਂ ਕਿਉਂ ਕੁਰਲਾਣਾ
ਲੰਮਾ ਸਮਾਂ ਸਿਧਾਂਤ ਵਿਆਖਿਆ, ਕਰਦੇ ਰਹੇ ਸੁਣਾ ਕੇ
ਓਹੀ ਸਿਧਾਂਤ ਨਿਕਾਰਾ ਹੋਇਆ, ਕਾਹਨੂੰ ਹੈ ਅਜ਼ਮਾਣਾ।

## ਦਲਤਾਂ ਦੇ ਨੇਤਾ

ਦਲਤਾਂ ਤਾਈਂ ਰਾਜ ਦਿਆਂ ਗੇ, ਕਹੀਏ ਠੋਕ-ਵਜਾ ਕੇ
ਨੀਵਿਆਂ ਨੂੰ ਅਸੀ ਗਲ ਲਾਵਾਂਗੇ, ਧਰਤੀ ਉਤੋਂ ਉਠਾ ਕੇ
ਪਰ ਇਕ ਸ਼ਰਤ ਅਸਾਡੀ ਵੀ ਹੈ, ਓ ਦਲਤਾਂ ਦੇ ਨੇਤਾ
ਸਾਨੂੰ ਰਾਜ ਦੀ ਮਿਲੇ ਹਕੂਮਤ, ਦਸਿਆ ਅਸੀਂ ਸੁਣਾ ਕੇ।

## ਬਗਲ-ਸਮਾਧੀ

ਰਾਮ ਨਾਮ ਨੂੰ ਜਪਦੇ ਰਹਿੰਦੇ, ਓਸ ਰਾਮ ਦੇ ਬ੍ਹੰਦੇ
ਜੋ ਨਾ ਜਪਦਾ ਰਾਮ ਨਾਮ ਨੂੰ, ਉਸ ਨੂੰ ਕਹਿੰਦੇ ਰੀਂਦੇ
ਪਰ ਇੱਕ ਅਰਜ਼ ਅਸਾਡੀ ਬਾਬਾ, ਸੁਣਿਓਂ ਧਿਆਨ ਲਗਾ ਕੇ
ਬਗਲ-ਸਮਾਧੀ, ਡੱਡਾਂ ਖਾਂਦੇ, ਕਿਵੇਂ ਜਾਣਗੇ ਬਖ਼ਸ਼ੇ।



Sri Satguru Jagjit Singh Ji eLibrary NamdhariElibrary@gmail.com

## ਕੈਸੇ ਕਰੇ ਉਜਾਲੇ

ਉਂਝ ਤਾਂ ਬੱਚੇ ਬੜੇ ਸਿਆਣੇ, ਬੱਚੇ ਕਰਮਾਂ ਵਾਲੇ
ਬੂਟਡ, ਸੂਟਡ, ਅਸ਼ਨੇ ਫਸਨੇ ਕਰਦੇ ਕੰਮ ਨਿਰਾਲੇ
ਮਾਪਿਆਂ ਨਾਲ ਚਲਾਕੀ ਕਰਦੇ, ਐਸੇ ਚੰਦ ਚੜ੍ਹਾਏ
ਥੂਹ ਥੂਹ ਕਰਦੀ ਫਿਰੇ ਲੁਕਾਈ, ਕੈਸੇ ਕਰੇ ਉਜਾਲੇ।

## ਲੇਡੀ ਸਾਈਕਲ

ਜਦ ਮੈਂ ਲੇਡੀ ਸਾਈਕਲ ਉੱਤੇ, ਵਿਚ ਬਾਜ਼ਾਰ ਦੇ ਜਾਵਾਂ
ਕੁਝ ਬੰਦਿਆਂ ਨੂੰ ਆਪਣੇ ਦੁੱਖ ਦਾ ਜਦੋਂ ਮੈਂ ਹਾਲ ਸੁਣਾਵਾਂ
ਪਰ ਉਹ ਮੇਰੀ ਸੁਣਦੇ ਨਾਹੀ, ਆਪਣੀ ਟੌਹਰ ਜਮਾਂਦੇ
ਜਿਸ ਲੇਡੀ ਦਾ ਚੁਕਿਆ ਸਾਈਕਲ, ਦੱਸ ਉਸ ਦਾ ਸਿਰਨਾਵਾਂ।

## ਵਿਦੇਸ਼ੀ ਚਾਅ

ਚਾਵਾਂ ਨਾਲ ਵਿਦੇਸ਼ੀਂ ਜਾਂਦੇ, ਬੱਚੇ ਭਾਰਤੋਂ ਵਾਸੀ
ਮਾਪਿਆਂ ਦੀ ਜਾਇਦਾਦ ਵੇਚ ਕੇ, ਕੱਠੀ ਕਰਦੇ ਰਾਸ਼ੀ
ਐਪਰ ਵਿੱਚ ਵਿਦੇਸ਼ ਦੇ ਜਾ ਕੇ, ਫਸ ਜਾਂਦੇ ਨੇ ਐਸੇ
ਘਿਰ ਜਾਂਦੇ ਔਖਿਆਈਆਂ ਅੰਦਰ, ਹੋਏ ਨਾ ਬੰਦ-ਖਲਾਸੀ।



Sri Satguru Jagjit Singh Ji eLibrary NamdhariElibrary@gmail.com

## ਮਾਜੇਂ ਜਾਵਣ

ਗੈਰ-ਕਨੂੰਨੀ ਢੰਗ ਅਪਣਾ ਕੇ, ਵਿੱਚ ਵਿਦੇਸ਼ਾਂ ਜਾਂਦੇ
ਆਪਣੀ ਪੂੰਜੀ ਦਾਅ 'ਤੇ ਲਾ ਕੇ, ਮਾਪਿਆਂ ਨੂੰ ਤੜਫਾਂਦੇ
ਧੱਖੇਬਾਜ਼ ਅਜੰਟਾਂ ਹੱਥੋਂ, ਜਦ ਫਿਰ ਮਾਂਜੇ ਜਾਵਣ
'ਪੰਛੀ' ਰੌਲਾ-ਰੱਪਾ ਪਾਂਦੇ, ਰੋਂਦੇ ਤੇ ਕੁਰਲਾਂਦੇ।

## ਹਉਕੇ ਭਰਦੇ

ਗਹਿਣੇ ਧਰਨ ਜ਼ਮੀਨਾਂ ਭਾਵੇਂ, ਪੈਸੇ 'ਕੱਠੇ ਕਰਦੇ
ਮਾਂ-ਬਾਪ ਦੀ ਜੋੜੀ ਪੂੰਜੀ, ਠੱਗਾਂ ਦੇ ਹੱਥ ਧਰਦੇ
ਮਾਇਆ 'ਕੱਠੀ ਕਰਨ ਦੀ ਖ਼ਾਤਰ, 'ਪੰਛੀ' ਫਾਰਨ ਜਾਂਦੇ
ਮਾਪੇ ਲਾਸ਼ਾਂ ਖ਼ਾਤਰ ਰੋਂਦੇ, ਫਿਰਦੇ ਹਉਕੇ ਭਰਦੇ।

## ਵਿਦੇਸ਼ੀ ਲਾੜੇ

ਕੁੜੀਆਂ ਨੂੰ ਸੈਂਟ ਕਰਨ ਦੀ ਖ਼ਾਤਰ, ਟੋਲ੍ਹ ਵਿਦੇਸ਼ੀ ਲਾੜੇ
ਗੱਲ ਉਮਰ ਦੀ ਕੋਈ ਨਾ ਵੇਖੇ, ਡਾਲਰ ਨੇ ਦਿਲ ਸਾੜੇ
ਇਸ ਪਿੱਛੇ ਵੀ ਲਾਲਚ 'ਪੰਛੀ', ਸਨਕੀ ਬੰਦੇ ਕਰਦੇ
ਫੇਰ ਦੁਹਾਈਆਂ ਦਿੰਦੇ ਫਿਰਦੇ, ਪੈ ਜਾਂਦੇ ਜਦ ਪਾੜੇ।



Sri Satguru Jagjit Singh Ji eLibrary NamdhariElibrary@gmail.com

## ਸੌਦੇਬਾਜ਼ੀ

ਫਾਰਨ ਵਾਲੇ ਵਿਗੜੇ ਮੁੰਡੇ, ਐਸ਼ ਕਰਨ ਦੀ ਖ਼ਾਤਰ
ਧੋਖੇਬਾਜ਼, ਫਰੇਬੀ, ਗੁੰਡੇ, ਬਣਦੇ ਸਾਊ ਪਾਤਰ
ਸੌਦੇਬਾਜ਼ੀ, ਸ਼ਾਦੀ ਖ਼ਾਤਰ, ਮਾਪੇ ਵੀ ਨੇ ਕਰਦੇ
'ਪੰਛੀ' ਫੇਰ ਮਾਰਦੇ ਚੀਕਾਂ, ਗਲ 'ਤੇ ਚਲਦਾ ਦਾਤਰ।

## ਲਾਚਾਰੀ

ਕੁੜੀਆਂ ਦੀ ਲਾਚਾਰੀ ਵੇਖੋ, ਕੁੜੀਆਂ ਰੋਵਣ ਧਾਹੀਂ
ਛੱਡ ਜਾਂਦੇ ਨੇ ਸ਼ਾਦੀ ਕਰਕੇ, ਕੋਈ ਨਾ ਫੜਦਾ ਬਾਹੀਂ
ਕਰੋ ਮੁਕਦਮੇ, ਰੌਲਾ ਪਾਵੋ, ਕਾਨਫਰੰਸਾਂ ਕਰਕੇ
ਪਹਿਲੋਂ ਸੋਚ ਵਿਚਾਰ ਨਾ ਕਰਦੇ, 'ਪੰਛੀ' ਰੋਵਣ ਤਾਹੀਂ।

## ਫਸਦੇ ਭਾਅ ਜੀ

ਬੜੀਆਂ ਚੁਸਤ-ਚਲਾਕ ਬੀਬੀਆਂ, ਕਰਦੀਆਂ ਸੌਦੇਬਾਜ਼ੀ
ਲੱਖਾਂ ਦਾ ਉਹ ਸੌਦਾ ਮਾਰਨ, ਨਾ ਪੁੱਛਣ, ਭਾਈ, ਕਾਜ਼ੀ
ਬਹੁਤਾ ਲਾਲਚ ਕਰਨ ਲੱਗੀਆਂ, ਉਹ ਵੀ ਤਾਂ ਫਸ ਜਾਵਣ
'ਪੰਛੀ' ਆਖੇ ਬਚ ਕੇ ਚੱਲੋ, ਫਿਰ ਵੀ ਫਸਦੇ ਭਾਅ ਜੀ।



Sri Satguru Jagjit Singh Ji eLibrary NamdhariElibrary@gmail.com

## ਫੋਕੀ ਸ਼ਾਨ

ਲੱਖਾਂ ਦਮੜੇ ਖਰਚ ਕੇ, ਜੋ ਹਨ ਲੋਕ-ਲਾਜ ਦਰਸਾਂਦੇ
ਆਪਣੀ ਫੋਕੀ ਸ਼ਾਨ ਦੀ ਖ਼ਾਤਰ, ਸਿਫ਼ਤਾਂ ਨੇ ਕਰਵਾਂਦੇ
ਹੁੰਦੈ ਦਗ਼ਾ ਫ਼ਰੇਬ ਸਾਹਮਣੇ, ਫਿਰ ਵੀ ਨਾ ਸ਼ਰਮਾਂਦੇ
'ਪੰਛੀ' ਭਾਵੇਂ ਭੋਲੇ ਬੰਦੇ, ਸਿੰਪਲ ਕਾਜ ਰਚਾਂਦੇ।

## ਅਸੀਂ ਬੇਦੋਸ਼ੇ

ਕਰੋ ਘੁਟਾਲੇ ਰੌਲਾ ਪਾਵੋ, 'ਅਸੀਂ ਬੇਦੋਸ਼ੇ ਬੰਦੇ'
ਰਿਸ਼ਵਤਖੋਰੀ, ਠੱਗੀ-ਠੋਰੀ, ਸਾਡੇ ਧਰਮੀ ਧੰਦੇ
ਪੁੰਨ-ਪਾਪ ਦੀ ਗੱਲ ਜੋ ਕਰਦੇ, ਮੂਰਖ ਅਤੇ ਅਨਾੜੀ
'ਪੰਛੀ' ਜਦ ਤੱਕ ਕੁਰਸੀ ਥੱਲੇ, ਫੇਰ ਦਿਆਂ ਗੇ ਰੰਦੇ।

## ਕਬੂਤਰਬਾਜ਼ੀ

ਤੱਕੋ ਜ਼ਰਾ 'ਕਬੂਤਰਬਾਜ਼ੀ', ਕੈਸਾ ਧੰਦਾ ਹੋਇਆ
ਲੀਡਰ, ਕਲਾਕਾਰ ਤੇ ਬਾਬੇ, ਸਭ ਨੂੰ ਵਿੱਚ ਸਮੋਇਆ
ਵੇਖੋ ਸ਼ਰਮ-ਹਯਾ ਚੱਕ ਦਿੱਤੀ, ਇਹ ਲਾਲਚ ਦੇ ਮਾਰੇ
'ਪੰਛੀ' ਧਰਮ ਕਮਾਵਣ ਵਾਲਾ, ਫਿਰਦਾ ਖੋਇਆ ਖੋਇਆ।



Sri Satguru Jagjit Singh Ji eLibrary NamdhariElibrary@gmail.com

## ਬੰਦੇ ਬਣੋ

ਮਿੱਟੀ ਦੇ ਵਿੱਚ ਇਜ਼ਤ ਰੁਲਦੀ, ਜਦੋਂ ਚਾਨਣਾ ਹੋਵੇ
ਥੂਹ ਥੂਹ ਕਰਦੀ ਦੁਨੀਆਂ ਫਿਰਦੀ, ਕਲਾਕਾਰ ਜਦ ਰੋਵੇ
ਐਨਾ ਲਾਲਚ, ਐਨੇ ਪੈਸੇ, ਕਿੱਥੇ ਲੈ ਕੇ ਜਾਣੇਂ ?
'ਪੰਛੀ' ਬੰਦਾ ਬਣ ਕੇ ਜੀਵੇ, ਜੋ ਹੋਵੇ ਸੋ ਹੋਵੇ।

## ਸਾਂਭ ਸ਼ਰੀਫ਼ੀ

ਦੁਨੀਆਂ ਬੜੀ ਅਜੀਬ 'ਪੰਛੀਆ', ਤੂੰ ਕਿਉਂ ਐਵੇਂ ਝੁਰਦੈਂ
ਆਪਣੀ ਚਾਲ ਵਿਗਾੜ ਨਾ ਬੈਠੀਂ, ਚੰਗੇ ਜੀਵਨ ਤੁਰਦੈਂ
ਕੀਹਨੂੰ ਕੀਹਨੂੰ ਸਮਝਾਵੇਂ ਗਾ, ਠੱਗ ਚੋਰ ਸਭ 'ਕੱਠੇ
'ਪੰਛੀ' ਸਾਂਭ ਸ਼ਰੀਫ਼ੀ ਆਪਣੀ, ਤੂੰ ਕਿਉਂ ਅੰਦਰੋਂ ਖੁਰਦੈਂ।

## ਸਾਊ ਬੰਦੇ

ਕਰਨ ਘੁਟਾਲੇ ਲੱਖ-ਕਰੋੜਾਂ ਤੇ ਸਾਊ ਅਖਵਾਂਦੇ
ਮੋਮੋ-ਠੱਗਣੀਆਂ ਮਾਰ ਮਾਰ ਕੇ, ਲੋਕਾਂ ਨੂੰ ਭਰਮਾਂਦੇ
ਜਿਵੇਂ ਵਾੜ ਵਿਚ ਫਸਿਆ ਨਿਓਲਾ, ਬਿੱਟ ਬਿੱਟ ਕਰਕੇ ਤੱਕੇ
'ਪੰਛੀ' ਜਾਨ ਬਚਾਵਣ ਖ਼ਾਤਰ, ਸ਼ੁਭ ਲੈਕਚਰ ਫਰਮਾਂਦੇ।



Sri Satguru Jagjit Singh Ji eLibrary NamdhariElibrary@gmail.com

## ਸੁਥਰਾ ਭਲਾਮਾਣਸ

ਸਾਰੀ ਜੰਨ ਕੁਪੱਤੀ ਹੋਈ, ਭਲਾ ਮਨੁੱਖ ਹੈ 'ਸੁਥਰਾ'
ਇਹ ਤਾਂ ਜੱਗ ਦੀ ਰੀਤ ਪਿਆਰੇ, ਹਰ ਕੋਈ ਬਣਦਾ ਸੁਥਰਾ
ਠੱਗ, ਚੋਰ, ਬਦਮਾਸ਼, ਕਮੀਨੇ, ਜਦ 'ਕੱਠੇ ਨੇ ਸਾਰੇ
'ਪੰਛੀ' ਸਿਦਕ-ਸਚਾਈ ਵਾਲਾ, ਕਰਦੇ ਰਹਿੰਦੇ ਕੁਤਰਾ।

## ਲੀਡਰ ਦਾ ਮੁੰਡਾ

ਭਾਈ ਦਾ ਪੁੱਤ ਭਾਈ ਬਣਜੇ, ਗੁੰਡੇ ਦਾ ਪੁੱਤ ਗੁੰਡਾ
ਡਾਕਟਰ ਦਾ ਬਣ ਜਾਏ ਡਾਕਟਰ, ਪੁੱਤ ਟੀਚਰ ਦਾ ਹੁੰਦਾ
ਦੱਸੋ ਕੀ ਤਕਲੀਫ਼ ਤੁਹਾਨੂੰ ? ਨਾਲ ਹਲੀਮੀ ਪੁੱਛਾਂ
'ਪੰਛੀ' ਜੇਕਰ ਲੀਡਰ ਬਣਜੇ, ਜੇ ਲੀਡਰ ਦਾ ਮੁੰਡਾ।

## ਮੌਜਾਂ ਕਰੋ ਪਿਆਰੇ

ਅਸੀਂ ਤਾਂ ਸ਼ਰਮ ਹਯਾ ਨੂੰ ਪੁੱਤਰਾ, ਘੋਟ ਘੋਟ ਕੇ ਪੀਤਾ
ਸ਼ਰਮ ਹਯਾ ਦੀ ਗੱਲ ਨਾ ਕਰ ਤੂੰ, ਸੁਣ ਓ ਮੇਰੇ ਮੀਤਾ
ਸਾਡੀ ਲੀਡਰਸ਼ਿਪ ਦੇ ਅੰਦਰ, ਮੌਜਾਂ ਕਰੋ ਪਿਆਰੇ
'ਪੰਛੀ' ਬਿੱਲੇ ਦੁੱਧ ਦੀ ਰਾਖੀ, ਬਿੱਲਿਆਂ ਨੇ ਦੁੱਧ ਪੀਤਾ।



Sri Satguru Jagjit Singh Ji eLibrary NamdhariElibrary@gmail.com

## ਕੁੰਡੀ ਲਾਵੋ

ਅੱਜ 'ਕੁੰਡੀ' ਦਾ ਸਮਾਂ ਪਿਆਰੇ, ਤੁਸੀਂ ਵੀ ਕੁੰਡੀ ਲਾਵੋ
ਆਪਣਾ ਹੋਏ, ਬੇਗਾਨਾ ਭਾਵੇਂ, ਸਭ ਨੂੰ ਠੂੱਠ ਵਿਖਾਵੋ
ਐਸੀ ਹੱਥ-ਸਫਾਈ ਕਰਦੇ, ਵਿਹੰਦੀ ਰਹਵੇ ਲੁਕਾਈ
ਮਾਲ ਛਕੋ ਤੇ ਲਾਂਭੇ 'ਪੰਛੀ', ਹੱਸੋ ਤੇ ਮੁਸਕਾਵੋ।

## ਨਾ ਪਛਤਾਵੋ

ਜਿੰਨ੍ਹਾਂ ਨਾਲ ਮੁਹੱਬਤ ਕੀਤੀ, ਉਹਨਾਂ ਛੁਰੀ ਚਲਾਈ
ਬੀਤ ਗਿਆ ਸੋ ਬੀਤ ਗਿਆ ਤੂੰ ਕਿਉਂ ਜਾਨੈਂ ਪਛਤਾਈ
ਬਹੁਤੇ ਲੋਕਾਂ ਨਾਲ ਜੋ ਹੁੰਦੀ, ਤੇਰੇ ਨਾਲ ਵੀ ਹੋਈ
'ਪੰਛੀ' ਸਾਊ ਬੰਦੇ ਦੇ ਗਲ, ਪੈ ਜਾਂਦੀ ਹੈ ਫਾਹ੍ਹੀ।

## ਨਵਾਂ ਸਾਲ ਮੁਬਾਰਕ

ਵੈਰੀ ਨੂੰ ਵੀ ਨਵੇਂ ਸਾਲ ਦੀ, ਦਿੰਦੇ ਰਹੋ ਵਧਾਈ
ਤਾਂ ਜੋ ਸ਼ੁਭ ਇਛਾਵਾਂ ਲੈ ਕੇ, ਥੋੜੀ ਕਰੇ ਸਫ਼ਾਈ
ਵੇਖੋ, ਕੈਸੀ ਸ਼ੋਸ਼ੇਬਾਜ਼ੀ, ਦੁਨੀਆਂ ਕਰਦੀ ਫਿਰਦੀ
ਐਪਰ ਨਵੇਂ ਸਾਲ ਨੂੰ 'ਪੰਛੀ', ਫਰਕ ਨਾ ਪੈਂਦਾ ਕਾਈ।



Sri Satguru Jagjit Singh Ji eLibrary NamdhariElibrary@gmail.com

## ਸ਼ੁਭ ਇਛਾਵਾਂ

ਮਿੱਤਰਾਂ ਨੂੰ ਵੀ ਸ਼ੁਭ ਇਛਾਵਾਂ, ਨਵੇਂ ਵਰ੍ਹੇ ਦੀਆਂ ਦਈਏ
ਆਪਣੇ ਦਿਲ ਦੀਆਂ ਡੂੰਘਾਈਆਂ 'ਚੋਂ, ਮਿੱਠੀਆਂ ਰਮਜ਼ਾਂ ਕਹੀਏ
ਇਹ ਵੀ ਇੱਕ ਸਟਾਇਲ ਜੀਣ ਦਾ, ਪੜ੍ਹਿਆਂ ਲਿਖਿਆਂ ਅੰਦਰ
'ਪੰਛੀ' ਏਦਾਂ ਖ਼ੁਸ਼ੀਆਂ ਵੰਡੀਏ, ਹੱਸਦੇ, ਵਸਦੇ ਰਹੀਏ।

## ਮੁਬਾਰਕ ਨਵਾਂ ਸਾਲ

ਰਿਸ਼ਤੇਦਾਰ ਨੂੰ ਨਵੇਂ ਸਾਲ ਦੀ, ਦਿੰਦੇ ਰਹੋ ਵਧਾਈ
ਨਾਲੇ ਆਖੋ ਖ਼ੁਸ਼ੀਆਂ ਮਾਣੋ, ਕਰਦੇ ਰਹੋ ਕਮਾਈ
ਦੁਨੀਆਂਦਾਰੀ ਮਨ ਰੱਖਣ ਦੀ, ਏਵੇਂ ਤੁਰਦੀ ਜਾਵੇ
'ਪੰਛੀ' ਨੂੰ ਉਂਝ ਦੁਨੀਆਂਦਾਰੀ, ਬਹੁਤੀ ਮੇਚ ਨਾ ਆਈ।

## ਅਣਿਆਈ ਮੌਤ

ਹਿਟਲਰ ਜਾਂ ਮੁਸੋਲੀਨੀ ਹੋਵੇ ਜਾਂ ਟੋਜੋ ਦਾ ਭਾਈ
ਅਤਿਵਾਦੀ ਕੋਈ ਵੀ ਹੋਵਣ, ਜਿਨ੍ਹਾਂ ਖ਼ਲਕ ਮੁਕਾਈ
ਕੁਦਰਤ ਨੂੰ ਟਿੱਚ ਜਾਣਨ ਵਾਲੇ, ਜ਼ਾਲਮ ਜ਼ੁਲਮ ਕਮਾਂਦੇ
ਜ਼ਾਲਮ ਜ਼ੁਲਮ ਕਮਾਵਣ ਵਾਲੇ, ਮੌਤ ਮਰਨ ਅਣਿਆਈ।



Sri Satguru Jagjit Singh Ji eLibrary NamdhariElibrary@gmail.com

## ਢੁੱਚਰਬਾਜ਼ੀ

ਪਾਗਲ ਕਹੇ ਮੈਂ ਪਾਗਲ ਨਾਹੀਂ, ਮੂਰਖ ਬਣੇ ਸਿਆਣਾ
ਅਲ-ਮਲ ਖਾਵਣ ਵਾਲੇ ਆਖਣ, ਸ਼ੁਧ ਅਸਾਡਾ ਖਾਣਾ
ਇਹ ਕੈਸੀ ਹੈ ਢੁੱਚਰਬਾਜ਼ੀ, ਇਹ ਕੈਸੀ ਚਤੁਰਾਈ
'ਪੰਛੀ' ਨੂੰ ਇਹ ਟਿੱਚਰਾਂ ਕਰਦੇ, ਜੋ ਖਾਵੇ ਅੰਨ-ਦਾਣਾ।

## ਲੈਂਦੇ ਪੰਗਾ

ਦੂਜੇ ਦਾ ਗਲ ਵੱਢ ਕੇ ਖਾਣਾ, ਲਹੂ ਪੀਣਾ ਵੀ ਚੰਗਾ
ਮਾਸ, ਮੱਛੀ ਤੇ ਦਾਰੂ ਪੀਣੀ, ਹੋਰ ਵੀ ਲੈਂਦੇ ਪੰਗਾ
ਇਹ ਤਾਂ ਕੰਮ ਕਲਜੁੱਗ ਦਾ ਹੋਇਆ, ਖ਼ੌਫ਼ ਨਾ ਖਾਂਦੇ ਕਾਈ
'ਪੰਛੀ' ਬੀਬੇ ਨੂੰ ਠਿੱਠ ਕਰਦੇ, ਦੱਸੋ ਇਹ ਕੰਮ ਚੰਗਾ।

## ਆਪਣਾ ਆਪ ਬਚਾਵੋ

ਮਾਲਕ ਨੇ ਤਾਂ ਰਿਜਕ ਦਿੱਤਾ ਹੈ, ਖਾਵੋ ਤੇ ਗੁਣ ਗਾਵੋ
ਪਰ ਇਹ ਮੁਰਦਾ ਖਾਵਣ ਵਾਲੇ, ਆਖਣ ਸਭ ਕੁਝ ਖਾਵੋ
ਕਿਸੇ ਗੁਰੂ ਨੇ ਵਰਜਿਆ ਨਾਹੀਂ, ਲੈਕਚਰਬਾਜ਼ੀ ਕਰਦੇ
'ਪੰਛੀ' ਇਹਨਾਂ ਵਿਦਵਾਨਾਂ ਤੋਂ, ਆਪਣਾ ਆਪ ਬਚਾਵੋ।



Sri Satguru Jagjit Singh Ji eLibrary NamdhariElibrary@gmail.com

## ਪੇਸ਼ ਨਾ ਜਾਂਦੀ

ਸੋਚਾਂਗੇ ਤਾਂ ਪਤਾ ਲੱਗੂ ਗਾ, ਕੀ ਮੰਦਾ ਕੀ ਚੰਗਾ
ਜ਼ੋਰ ਜ਼ੁਲਮ ਦੀਆਂ ਗੱਲਾਂ ਕਰਦੇ, ਪਾਪ ਕਰੇ ਤੇ ਦੰਗਾ
'ਪੰਛੀ' ਜੋ ਚਤੁਰਾਈਆਂ ਕਰਦੈਂ, ਮੁੜ ਕੇ ਪੇਸ਼ ਨਾ ਜਾਣੀ
ਦਰਵੇਸ਼ਾਂ ਨੂੰ ਠਿੱਠ ਕਰਨ ਦਾ, ਰੋਜ਼ ਹੀ ਲੈਂਦਾ ਪੰਗਾ।

## ਡੱਫ ਵਜਾਈਏ

ਗੁਰੂ ਪੀਰਾਂ ਦੇ ਜਨਮ ਦਿਹਾੜੇ, ਰਲ ਕੇ ਸਦਾ ਮਨਾਈਏ
ਰੱਬ ਦੀ ਸਿਫ਼ਤ ਸਲਾਹੀਂ ਕਰੀਏ ਤੇ ਉਸ ਦੇ ਗੁਣ ਗਾਈਏ
ਐਪਰ ਅੱਜ ਤਾਂ 'ਮਾਇਆਵਤੀਆਂ' ਜਨਮ ਦਿਹਾੜੇ ਉੱਤੇ
ਮਾਇਆ 'ਕੱਠੀ ਕਰਨ ਦੀ ਖ਼ਾਤਰ, 'ਪੰਛੀ' ਡੱਫ ਵਜਾਈ-ਏ।

## ਹੈਪੀ ਬ਼ਰਥ-ਡੇ ਟੂ ਯੂ

ਅੱਜ ਘਰਾਂ ਵਿੱਚ ਜਨਮ ਦਿਹਾੜਾ, ਆਮ ਮਨਾਇਆ ਜਾਂਦੈ
ਹੈਪੀ ਬਰਥ-ਡੇ ਟੂ ਯੂ, ਖ਼ੂਬ ਕਹਾਇਆ ਜਾਂਦੈ
ਖਾਣ ਪੀਣ ਤੇ ਦੇਣ ਵਧਾਈਆਂ, 'ਪੰਛੀ' ਵਰਗੇ ਜਾ ਕੇ
ਤੋਹਫ਼ੇ, ਗਿਫਟਾਂ ਅਤੇ ਵਰਦੀਆਂ, ਸ਼ਗਨ ਵੀ ਪਾਇਆ ਜਾਂਦੈ।



Sri Satguru Jagjit Singh Ji eLibrary NamdhariElibrary@gmail.com

## ਜਿੰਦੜੀ ਡੁਬਕੂੰ ਡੁਬਕੂੰ

ਆਪਣਾ ਕਾਹਦਾ ਜਨਮ ਦਿਹਾੜਾ, ਆਪਾਂ ਤਾਂ ਕੰਮ ਕਰਨਾ
ਧੰਦ ਪਿੱਟਦਿਆਂ ਬੀਤ ਜਾਣੀ ਹੈ, ਆਪਾਂ ਏਦਾਂ ਮਰਨਾ
ਮਜ਼ਦੂਰਾਂ ਦਾ ਕਾਹਦਾ ਜੰਮਣਾ, ਪਾਵਨ ਧਰਤੀ ਉੱਤੇ
'ਪੰਛੀ' ਜਿੰਦੜੀ ਡੁਬਕੂੰ ਡੁਬਕੂੰ, ਨਾ ਡੁੱਬਣਾ ਨਾ ਤਰਨਾ।

## ਖੁਲਾਸੇ ਬੰਦੇ

ਆਪਣਿਆਂ ਨੂੰ ਦਿਓ ਗਰਾਂਟਾਂ ਤੇ ਚੁੱਪੀ ਵੱਟ ਜਾਵੋ
ਜੇ ਕੋਈ ਨੁਕਤਾਚੀਨੀ ਕਰਦੈ, ਹੱਸ ਛੱਡੋ ਮੁਸਕਾਵੋ
ਕੌਣ ਪੁੱਛੇਗਾ ਸਾਨੂੰ ਯਾਰੋ, ਅਸੀਂ ਖੁਲਾਸੇ ਬੰਦੇ
'ਪੰਛੀ' ਜੇ ਇਨਕੁਆਰੀ ਹੋਵੇ, ਹੀਂ ਹੀਂ ਕਰ ਟਰਕਾਵੋ।

## ਕਰੋ ਬਿਜਨਸਾਂ

ਪਹਿਲਾਂ ਜਿਸ ਜਾਤੀ ਵਿੱਚ ਜੰਮੇ, ਉਸ ਵਿੱਚ ਵਿਆਹ ਕਰਵਾਵੋ
ਬੱਚੇ ਜੰਮੋ ਕਰੋ ਬਿਜਨਸਾਂ, ਪੈਸੇ ਖ਼ੂਬ ਕਮਾਵੋ
ਫੇਰ ਸੁਨੱਖੀ ਔਰਤ ਖ਼ਾਤਰ, ਬਦਲੋ ਧਰਮ ਪਿਆਰੇ
'ਸਿੰਘ' ਤੋਂ ਭਾਵੇਂ ਬਣੋ 'ਮੁਹੰਮਦ', ਭੋਰਾ ਨਾ ਸ਼ਰਮਾਵੋ।



Sri Satguru Jagjit Singh Ji eLibrary NamdhariElibrary@gmail.com

## ਵੋਟਾਂ ਪਾਵੋ

ਵੋਟਾਂ ਦੇ ਵਿੱਚ ਖੜ੍ਹ ਗੇ ਡੈਡੀ, ਵੋਟਾਂ ਉਸ ਨੂੰ ਪਾਵੋ
ਉਹ ਥੋਡੇ ਸਭ ਕੰਮ ਕਰਨਗੇ, ਕੂੜਾ ਸਾਫ਼ ਕਰਾਵੋ
ਬਾਕੀ ਗੱਲਾਂ ਛੱਡੋ ਸੱਜਣੋਂ, ਪਾਪਾ ਚੰਗੇ ਬੰਦੇ
'ਪੰਛੀ' ਉੱਤੇ ਕਰੋ ਭਰੋਸਾ, ਸਭ ਨੂੰ ਠੁੱਠ ਵਿਖਾਵੋ।

## ਹਾਰ ਗਏ ਪਛਤਾਏ

ਚੋਣਾਂ ਬੜਾ ਅਜੀਬ ਮਾਮਲਾ, ਰੌਲਾ ਰੱਪਾ ਪਾਵੋ
ਦੂਜੇ 'ਤੇ ਇਲਜ਼ਾਮ ਤਰਾਸ਼ੀ, ਕਰਨੋ ਨਾ ਸ਼ਰਮਾਵੋ
ਬੰਦਿਆਂ ਵਾਲੀ ਗੱਲ ਨਾ ਕੋਈ, 'ਪੰਛੀ' ਐਸੇ ਵਿਗੜੇ
ਹਾਰ ਗਏ ਫਿਰ ਜਈ ਜਈ ਕਰਕੇ, ਝਾੜ ਕੰਨੀ ਪਛਤਾਵੋ।

## ਹੀਰੋ

ਜਿੱਤ ਗਏ ਤਾਂ ਹੀਰੋ ਬਣਗੇ, ਹਾਰ ਗਏ ਖਲਨਾਇਕ
ਹਾਰ ਗਏ ਤਾਂ ਮੂਰਖ ਸਮਝੋ, ਜਿੱਤ ਗਏ ਤਾਂ ਲਾਇਕ
'ਪੰਛੀ' ਨੂੰ ਕੋਈ ਫ਼ਰਕ ਨਾ ਪੈਂਦਾ, ਜਿਹੜਾ ਚੋਣ ਨਾ ਲੜਦਾ
ਨਾ ਇਸ ਨੇ ਪ੍ਰਧਾਨ ਹੈ ਬਣਨਾ, ਨਾ ਹੀ ਕੋਈ ਸਹਾਇਕ।



Sri Satguru Jagjit Singh Ji eLibrary NamdhariElibrary@gmail.com

## ਸ਼ਾਇਰ ਤਾਂ ਸੱਚ ਬੋਲੇ

'ਵਾਜਪਾਈ' ਜੀ ਸ਼ਾਇਰ ਵਾਂਗੂੰ, ਕਈ ਵਾਰੀ ਸੱਚ ਬੋਲੇ
ਆਪਣੀ ਸ਼ਾਖ ਬਚਾਵਣ ਖ਼ਾਤਰ, ਮਨ ਦੀ ਘੁੰਡੀ ਖੋਲ੍ਹੇ
ਸੱਚੀ ਗੱਲ ਨਾ ਜਾਏ ਸਹਾਰੀ, ਬਿੱਛੂ ਵਾਂਗੂੰ ਲੜਦੀ
'ਪੰਛੀ' ਫੇਰ ਟਿਚਕਰਾਂ ਕਰਕੇ, ਆਪਣੀ ਗੱਲ ਨੂੰ ਤੋਲ਼ੇ।

## ਸਿਆਣਪ

ਲੰਮਾ ਸਮਾਂ ਤਜਰਬੇ ਕਰਕੇ, ਫੇਰ ਸਿਆਣਪ ਆਵੇ
ਜਦੋਂ ਸਿਆਣਪ ਆ ਜਾਂਦੀ ਹੈ, ਲੋਕਾਂ ਨੂੰ ਸਮਝਾਵੇ
ਕਾਮਰੇਡ ਹਨ ਬੜੇ ਸਿਆਣੇ, ਬਹਿਸਾਂ ਕਰਦੇ ਰਹਿੰਦੇ
'ਪੰਛੀ' ਜਿਹੜਾ ਕਰੇ ਸਿਆਣਪ, ਮੇਵਾ ਸੋਈ ਖਾਵੇ।

## ਲਾਹ 'ਤੀ ਲੋਈ

ਇੱਕ ਵਾਰੀ ਤਾਂ 'ਮੋਦੀ' 'ਮੋਦੀ', ਸਾਰੇ ਜੱਗ ਵਿੱਚ ਹੋਈ
ਉਸ ਦੇ ਰਾਜ 'ਚ ਥੋੜ੍ਹੇ ਹੱਸੇ, ਬਹੁਤੇ ਜਾਂਦੇ ਰੋਈ
'ਪੰਛੀ' ਜੇ ਬਦਨਾਮੀ ਹੋਵੇ, ਤਾਂ ਵੀ ਨਾਮ ਹੀ ਹੁੰਦੈ
ਉਸ ਨੂੰ ਕੀ ਬਦਨਾਮੀ ਤਾਈ, ਜੀਹਨੇ ਲਾਹ 'ਤੀ ਲੋਈ।



Sri Satguru Jagjit Singh Ji eLibrary NamdhariElibrary@gmail.com

## ਪਾਣੀ ਪਾਣੀ ਹੋ ਗਏ

ਪਾਣੀ ਪਾਣੀ ਕਰਦੇ ਲੀਡਰ, ਪਾਣੀ ਪਾਣੀ ਹੋ ਗਏ
ਪਾਣੀ ਦੀ ਵੰਡ ਟੇਢੀ ਹੋ ਗਈ, ਖ਼ੁਦਗ਼ਰਜ਼ੀ ਵਿੱਚ ਖੋ ਗਏ
ਪਾਣੀ ਦੀ ਵੰਡ ਨਹੀਂ 'ਪੰਛੀਆ', ਇਹ ਹਨ ਸਿਆਸੀ ਚਾਲਾਂ
ਸੌੜੇ ਹਿੱਤ ਪਾਰਟੀ-ਬਾਜ਼ੀ, ਰਾਹ ਵਿੱਚ ਕੰਡੇ ਬੋ ਗਏ।

## ਦਲੇਰੀ

'ਬਿੱਲ' ਨੂੰ ਪਾਸ ਕਰਾਵਣ ਖ਼ਾਤਰ, ਕੀਤੀ ਬੜੀ ਦਲੇਰੀ
ਤੱਤ-ਭੜੱਤੀ ਸਭ ਕੁੱਝ ਕੀਤਾ, ਲਾਈ ਨਾ ਕੋਈ ਦੇਰੀ
ਮੁੱਖ ਮੰਤਰੀ ਅਮਰਿੰਦਰ ਸਿੰਘ, ਹੀਰੋ ਬਣ ਗਿਆ ਜਾਪੇ
ਵਾਜਪਾਈਆਂ ਤੇ ਬਾਦਲਕਿਆਂ ਦੀ, ਰਹਿ ਗਈ ਅੱਖ ਅਟੇਰੀ।

## ਪਾਣੀ ਵਿੱਚ ਹੀ ਜੀਵਨ

ਪਾਣੀ ਵਿੱਚ ਹੈ ਜੀਵਨ ਬੀਬਾ, ਪਾਣੀ ਬਾਝ ਨੀ ਸਰਦਾ
ਇਹ ਹੈ ਜੀਵਨ ਰੇਖਾ ਬੀਬਾ, ਬਿਨ ਪਾਣੀ ਹੈ ਮਰਦਾ
'ਪੰਛੀ' ਲੀਡਰ ਲੁੱਚ-ਗੜੁੱਚੀਆਂ, ਸਦਾ ਹੀ ਕਰਦੇ ਰਹਿੰਦੇ
ਫਿਰ ਆਉਂਦੀ ਹੈ ਹੋਸ਼ ਠਿਕਾਣੇ, ਲਹਿ ਜਾਂਦਾ ਜਦ ਪਰਦਾ।



Sri Satguru Jagjit Singh Ji eLibrary NamdhariElibrary@gmail.com

## ਲਾਲੂ ਰੰਗ ਵਿਖਾਊ

ਰੇਲ ਮੰਤਰੀ ਬਣ ਗਿਆ 'ਲਾਲੂ', ਨਿਤੀਸ਼ ਦੀ ਰੇਲ ਬਣਾਊ
'ਮੋਦੀ' ਜੋ ਗੁਜਰਾਤੀ ਹੀਰੋ, ਉਸ ਨੂੰ ਵਾਹਣੀ ਪਾਊ
'ਪੰਛੀ' ਲੋਕੀਂ ਕਰਨ ਮਖੌਲਾਂ, ਦਾਗੀ, ਦਾਗੀ ਕਹਿ ਕੇ
ਐਪਰ 'ਲਾਲੂ' ਡਾਂਗ-ਬਹਾਦਰ, ਵੱਖਰੇ ਰੰਗ ਵਿਖਾਊ।

## ਮਾਇਆ ਜਾਲ

ਕਾਂਸ਼ੀ ਰਾਮ ਜੋ ਦਲਤ ਮਸੀਹਾ, ਦਿਲ ਦਾ ਰੋਗੀ ਹੋਇਆ
ਉਹ ਮਾਇਆ ਦੇ ਜਾਲ 'ਚ ਫਸਿਆ, ਮੋਇਆ ਕਿ ਹੁਣ ਮੋਇਆ
'ਪੰਛੀ' ਪਿੰਜਰੇ ਵਿੱਚ ਫਸ ਗਿਆ, ਹੁਣ ਨਾ ਫਟਕਣ ਹੋਏ
ਮਾਂ ਵੀ ਉਸ ਦੀ ਪਿੱਟਦੀ ਫਿਰਦੀ, ਭਾਈਵੰਦ ਵੀ ਰੋਇਆ।

## ਐਵੇਂ ਕਰਾਂ ਮਖੌਲਾਂ

'ਵਾਜਪਾਈ' ਇੱਕ ਕਵੀ ਸਿਆਣਾ, ਰਹੇ ਮਖੌਲਾਂ ਕਰਦਾ
ਆਪਣੇ ਗੁੱਟ ਦੇ ਬੰਦਿਆਂ ਖ਼ਾਤਰ, ਤਾਹਨੇ, ਮਿਹਣੇ ਜਰਦਾ
'ਪੰਛੀ' ਬੰਦਾ ਕਦਰਯੋਗ ਹੈ, ਜਰਕੇ ਦੇਰ ਨਾ ਲਾਵੇ
ਕਹਿੰਦਾ ਇਹ ਵਰਤਾਰਾ ਸਾਡਾ, ਕਰੇ ਬਾਝ ਨਾ ਸਰਦਾ।



Sri Satguru Jagjit Singh Ji eLibrary NamdhariElibrary@gmail.com

## ਰੱਬ ਦੀਆਂ ਰੱਖਾਂ

ਮਰਜੂੰ ਮਰਜੂੰ ਕਰਦੀ ਦੁਨੀਆਂ, ਤੂੰ ਵੀ ਕਿਸੇ 'ਤੇ ਮਰ ਜਾ
ਦੁਨੀਆਂ ਕੀ ਕੁਝ ਕਰਦੀ ਫਿਰਦੀ, ਤੂੰ ਕੋਈ ਕਾਰਾ ਕਰ ਜਾ
'ਪੰਛੀ' ਤੈਨੂੰ ਰੱਬ ਦੀਆਂ ਰੱਖਾਂ, ਇਹ ਹਾਸਾ ਨਾ ਜਾਣੀ
ਡੁੱਬ ਜਾਣਿਆਂ ਹੱਸਦਾ ਹੱਸਦਾ, ਰੂਪ ਦਾ ਸਾਗਰ ਤਰ ਜਾ।

## ਫਾਸ਼ੀ ਬੰਦੇ

ਹੋ ਗਏ 'ਬੁਸ਼', 'ਬਲੇਅਰ' 'ਕੱਠੇ, ਨ੍ਹੇਰ ਮਚਾਈ ਜਾਂਦੇ
ਬੇਦੋਸ਼ਿਆਂ ਨੂੰ ਤਾੜ ਤਾੜ ਕੇ, ਜ਼ੁਲਮ ਕਮਾਈ ਜਾਂਦੇ
'ਪੰਛੀ' ਫਿਰ ਵੀ ਪੈਰਾਂ ਉੱਤੇ, ਪਾਣੀ ਪੈਣ ਨਾ ਦਿੰਦੇ
ਫਾਸ਼ੀ ਜ਼ੁਲਮ ਕਮਾਵਣ ਵਾਲੇ, ਫਿਰ ਵੀ ਸ਼ਰਮ ਨਾ ਖਾਂਦੇ।

## ਮੋੜ ਮੁਹਾਰਾਂ

ਕਵੀਆਂ ਨੇ ਤੇ ਕਲਮ ਚਲਾਉਣੀ, ਉਹਨਾਂ ਨੇ ਤਲਵਾਰਾਂ
ਜ਼ਾਲਮ ਜ਼ੁਲਮ ਕਮਾਵਣ ਵਾਲੇ, ਨਵੀਆਂ ਮਾਰਨ ਮਾਰਾਂ
'ਪੰਛੀ' ਟੇਢਾ ਰਾਗ ਅਲਾਪੇ, ਬੰਦੇ ਦਾ ਪੁੱਤ ਬਣ ਜਾ
ਲਾ ਦੇ ਜੀਵਨ ਲੋਕਾਂ ਲੇਖੇ, ਸੱਚ ਵੱਲ ਮੋੜ ਮੁਹਾਰਾਂ।



Sri Satguru Jagjit Singh Ji eLibrary NamdhariElibrary@gmail.com

## ਰੱਬ ਦੀ ਮਰਜ਼ੀ

ਕਿਧਰੇ ਡੌਬਾ ਕਿਧਰੇ ਸੋਕਾ, ਕਿਧਰੇ ਹੈ ਹੜ੍ਹ ਆਇਆ
ਹਾਹਾਕਾਰ ਚੁਫੇਰੇ ਹੋਵੇ, ਜੀਵਨ ਹੈ ਕੁਰਲਾਇਆ
'ਪੰਛੀ' ਤੂੰ ਕਿਉਂ ਕਾਂ ਕਾਂ ਲਾਈ, ਇਹ ਤਾਂ ਰੱਬ ਦੀ ਮਰਜ਼ੀ
ਇਹ ਕਾਹਦੀ ਹੈ ਰੱਬ ਦੀ ਮਰਜ਼ੀ, ਜਿਸ ਨੇ ਜੱਗ ਤੜਪਾਇਆ।

## ਸੱਚ ਨਿਤਾਰਾ

ਕਿਸੇ ਦੇਸ਼ 'ਤੇ ਜ਼ੋਰਾ ਜਬਰੀ, ਜਾ ਕੇ ਹਮਲਾ ਕਰਨਾ
ਫੇਰ ਫਰੇਬੀ ਖੇਖਣ ਕਰਕੇ, ਬਦਨਾਮੀ ਨੂੰ ਜਰਨਾ
ਪਿੱਛੋਂ ਮਾਫ਼ੀ ਮੰਗਦੇ ਫਿਰਦੇ, ਇਹ ਸਭ ਖੇਖਣ-ਬਾਜ਼ੀ
'ਪੰਛੀ' ਸਹੀ ਨਿਤਾਰਾ ਹੋਵੇ, ਕਰੇ ਬਾਝ ਨਹੀਂ ਸਰਦਾ।

## ਕੱਦੋਂ ਬੌਣੇ

ਸਾਬਤ ਕੋਈ ਨਾ ਦਿੱਸੇ ਬੰਦਾ, ਅੱਧੇ ਪੌਣੇ ਹੋ ਗਏ
ਹੋਛੀਆਂ ਗੱਲਾਂ ਚੁਗਲ-ਖੋਰੀਆਂ, ਕੱਦੋਂ ਬੌਣੇ ਹੋ ਗਏ
'ਪੰਛੀ' ਕਿਸ ਲਈ ਭਟਕੇ ਫਿਰਦੇ, ਨ੍ਹੇਰੇ ਵਿੱਚ ਹੱਥ ਮਾਰਨ
ਆਪਣਾ ਆਪ ਭੁਲਾਵਣ ਵਾਲੇ, ਟੱਲ ਦੇ ਰੌਣੇ ਹੋ ਗਏ।



Sri Satguru Jagjit Singh Ji eLibrary NamdhariElibrary@gmail.com

## ਕਰੋਪੀ ਕੁਦਰਤੀ

ਕੁਦਰਤ ਨੂੰ ਪਿਆ ਕਰੇ ਮਖੌਲਾਂ, ਅੱਜ ਘੁਮੰਡੀ ਬੰਦਾ
ਕਹਿੰਦਾ ਕੁਦਰਤ ਵਸ ਵਿੱਚ ਮੇਰੇ, ਕਰ ਵਿਗਿਆਨੀ ਧੰਦਾ
'ਪੰਛੀ' ਭਾਵੇਂ ਖੋਜਾਂ ਕਰੀਏ, ਮੱਤ ਟਿਕਾਣੇ ਰੱਖੀਏ
ਨਹੀਂ ਤਾਂ ਕੁਦਰਤ ਕਰੇ ਮੰਜਾਈ, ਫੇਰ ਵਿਨਾਸ਼ੀ ਰੰਦਾ।

## ਖ਼ਲਕਤ ਰੋਈ

'ਚੌਰਾਸੀ' ਦੇ ਦੰਗਿਆਂ ਅੰਦਰ, ਕਤਲੋਗਾਰਤ ਹੋਈ
ਇਸ ਕਤਲਾਮ ਨੂੰ ਵੇਖ ਵੇਖ ਕੇ, ਬਹੁਤੀ ਖ਼ਲਕਤ ਰੋਈ
'ਪੰਛੀ' ਐਪਰ ਹਾਕਮ ਬੰਦੇ, ਸ਼ਰੇ-ਬਾਜ਼ਾਰ ਹੀ ਆਖਣ
ਖ਼ੂਨ ਦਾ ਬਦਲਾ ਖ਼ੂਨ ਲਵਾਂਗੇ, ਵੱਡੀ ਨੇਤਾ ਮੋਈ।

## ਇਹ ਮਜਬੂਰੀ

ਖ਼ਬਰੇ ਕਿਸ ਮਜਬੂਰੀ ਕਾਰਨ, ਵਿੱਚ ਵਿਦੇਸ਼ਾਂ ਜਾਂਦੇ
ਹੱਡ-ਭੰਨਵੀਂ ਮਜ਼ਦੂਰੀ ਕਰਕੇ, ਪੈਸੇ ਚਾਰ ਕਮਾਂਦੇ
ਦੇਸ਼ਾਂ ਦੇ ਵਖਰੇਵੇਂ 'ਪੰਛੀ', ਗੁੰਝਲਦਾਰ ਝਮੇਲੇ
ਫਸ ਗਈ ਜਾਨ ਕੁੜੱਕੀ ਅੰਦਰ, ਮਾਪੇ ਰੋਈ ਜਾਂਦੇ।



Sri Satguru Jagjit Singh Ji eLibrary NamdhariElibrary@gmail.com

## ਰੰਗ ਲਾਲਚ ਦਾ

ਧੋਖੇਬਾਜ਼ ਏਜੰਟ ਕਮੀਨੇ, ਮੁੰਡਿਆਂ ਤਾਈਂ ਫਸਾਂਦੇ
ਪੈਸੇ ਏਧਰ ਓਧਰ ਕਰਕੇ, ਵਾਚ ਪੱਤਰਾ ਜਾਂਦੇ
'ਪੰਛੀ' ਲਾਲਚ ਦੋਹੀਂ ਪਾਸੀਂ, ਰੰਗ ਵਿਖਾਵੇ ਅਪਣਾ
ਮੁੰਡੇ ਰੋਵਣ, ਧਾਹੀਂ ਮਾਰਨ, ਖ਼ੁਸ਼ੀ ਏਜੰਟ ਮਨਾਂਦੇ।

## 'ਪੰਛੀ' ਵਿੱਚ ਕਨੇਡਾ

'ਪੰਛੀ' ਵਿੱਚ ਕਨੇਡਾ ਆਇਆ, ਦੁਨੀਆਂ ਨਵੀ ਨਵੇਲੀ
ਭਾਂਤ ਭਾਂਤ ਦੇ ਲੋਕੀ ਵਸਦੇ, ਕੌਣ ਕਿਸੇ ਦਾ ਬੇਲੀ
ਡਾਲਰ ਪਿੱਛੇ ਦੌੜਾਂ ਲੱਗੀਆਂ, ਰਾਤ ਦਿਨੇ ਕੰਮ ਹੋਵੇ
ਪੈਸੇ ਬਿਨਾਂ ਗੁਜ਼ਾਰਾ ਨਹੀਉਂ, ਕੀ ਰਾਜਾ ਕੀ ਤੇਲੀ।

## ਬੜੀਆਂ ਮੌਜਾਂ

ਮੁਫ਼ਤ ਵਿੱਚ ਅਖ਼ਬਾਰਾਂ ਪੜ੍ਹੀਏ, ਰੇਡੀਓ ਖ਼ਬਰ ਸੁਣਾਵੇ
ਭਾਂਤ ਭਾਂਤ ਦੇ ਗੀਤ ਖੜਕਦੇ, ਵਸਤਾਂ ਦੇ ਗੁਣ ਗਾਵੇ
ਸੋਹਣੀਆਂ ਸੋਹਣੀਆਂ ਥਾਵਾਂ ਵੇਖੋ, ਵੰਡਰਫੁਲ ਕਨੇਡਾ
'ਪੰਛੀ' ਬੜੀਆਂ ਮੌਜਾਂ ਲੱਗੀਆਂ, ਖ਼ੁਸ਼ ਹੋਵੇ ਮੁਸਕਾਵੇ।



Sri Satguru Jagjit Singh Ji eLibrary NamdhariElibrary@gmail.com

## ਭਾਂਤ ਭਾਂਤ ਦੀਆਂ ਕਾਰਾਂ

ਭਾਂਤ ਭਾਂਤ ਦੀਆਂ ਨਾਰਾਂ ਏਥੇ, ਭਾਂਤ ਭਾਂਤ ਦੀਆਂ ਕਾਰਾਂ
ਕਾਲੀਆਂ, ਗੋਰੀਆਂ ਅਤੇ ਇਟਾਲੀਅਨ ਤੇ ਅਮਰੀਕੀ ਨਾਰਾਂ
'ਪੰਛੀ' ਐਵੇਂ ਵਿਹੰਦਾ ਰਹਿੰਦਾ, ਕੁਝ ਵੀ ਮੇਚ ਨਾ ਆਇਆ
ਬਣਿਆ ਫਿਰੇ ਘੁਮੱਕੜ ਭਾਵੇਂ, ਹੈ ਨੀ ਜੱਗ ਦੀਆਂ ਸਾਰਾਂ।

## ਟਰੈਫਿਕ

ਖੁੱਲ੍ਹੀਆਂ ਪੱਕੀਆਂ ਸੜਕਾਂ ਏਥੇ, ਫਿਰੇ ਟਰੈਫਿਕ ਭਾਉਂਦਾ
ਲਾਲ ਬੱਤੀਆਂ ਅਤੇ ਡਰੈਕਸ਼ਨ, ਹਾਰਨ ਨਹੀ ਵਜਾਉਂਦਾ
ਪੂਰੇ ਨਿਯਮ ਟਰੈਫਿਕ ਵਾਲੇ, ਗ਼ਲਤੀ ਕੋਈ ਨਾ ਕਰਦਾ
'ਪੰਛੀ' ਜੇਕਰ ਕਰੇ ਉਲੰਘਣਾ, ਗਲ ਵਿਚ ਫੰਦਾ ਪਾਉਂਦਾ।

## ਦਵਾਈ

ਬਿਨਾਂ ਡਾਕਟਰ ਦੀ ਪਰਚੀ ਤੋਂ, ਕੋਈ ਦਵਾਈ ਨਾ ਮਿਲਦੀ
ਵਿਜ਼ੀਟਰ ਲੋਕ ਤਾਂ ਫਸ ਜਾਂਦੇ ਨੇ, ਖ਼ਬਰ ਹੁੰਦੀ ਨਾ ਤਿਲ ਦੀ
'ਪੰਛੀ' ਕਾਰਡ ਬਣਾਵੋ ਪਹਿਲਾਂ, ਆਪਣੇ ਖਰਚੇ ਉੱਤੇ
ਫੇਰ ਦੁਕਾਨ ਤੋਂ ਲਵੋ ਦਵਾਈ, ਆਖੋ ਆਪਣੇ ਦਿਲ ਦੀ।



Sri Satguru Jagjit Singh Ji eLibrary NamdhariElibrary@gmail.com

## ਸੌਦਾ ਸੂਤ

ਸੌਦੇ ਸੂਤ ਨੂੰ ਕਹਿਣ ਗ੍ਰਾਸਰੀ, ਬੱਚੇ ਬੁੱਢੇ ਸਾਰੇ
ਵੱਡੇ ਵੱਡੇ ਸਟੋਰ ਨੇ ਏਥੇ, ਫਿਰਦੇ ਮਾਰੇ ਮਾਰੇ
ਵਸਤਾਂ ਚੁੱਕ ਲਿਆਵੋ ਆਪੂੰ, ਕਾਊਂਟਰ 'ਤੇ ਆ ਜਾਵੋ
'ਪੰਛੀ' ਕੀਮਤ ਫਿਕਸ ਰੇਟ 'ਤੇ, ਪੈਂਦੇ ਨਹੀਂ ਖ਼ਸਾਰੇ।

## ਯੂ-ਬੀਚ

ਯੂ-ਬੀਚ 'ਤੇ ਜਾ ਕੇ ਵੇਖੋ, ਨੰਗੇ ਲੋਕੀ ਨਾਹਵਣ
ਐਵੇਂ ਚੱਡੀਆਂ ਪਾਈਆਂ ਹੋਈਆਂ, ਬਿਲਕੁਲ ਨਾ ਸ਼ਰਮਾਵਣ
'ਪੰਛੀ' ਅੱਖਾਂ ਮੀਚ ਮੀਚ ਕੇ, ਵਿਹੰਦਾ ਰਿਹਾ ਨਜ਼ਾਰਾ
ਏਥੇ ਲੋਕੀ ਖ਼ੁਸ਼ੀਆਂ ਮਾਣਨ, ਨੱਚਣ, ਟੱਪਣ, ਗਾਵਣ।

## ਨਿਆਗਰਾ ਫਾਲ

ਅਮਰੀਕਾ ਦੀ ਹੱਦ ਦੇ ਉੱਤੇ, ਨਿਆਗਰਾ ਫਾਲ ਕਹਾਵੇ
ਐਸਾ ਅਦਭੁਤ ਕ੍ਰਿਸ਼ਮਾ ਡਿੱਠਾ, ਸੋਹਣਾ ਮਨ ਨੂੰ ਭਾਵੇ
'ਪੰਛੀ' ਵੇਖ ਨਜ਼ਾਰਾ ਕਹਿੰਦਾ, ਵਾਹ ! ਕੁਦਰਤ ਦੀਆਂ ਦਾਤਾਂ
ਉੱਚੀ ਥਾਵੋਂ ਪਾਣੀ ਗਿਰਦਾ, ਕਲ ਕਲ ਵਹਿੰਦਾ ਜਾਵੇ।



Sri Satguru Jagjit Singh Ji eLibrary NamdhariElibrary@gmail.com

## ਕਨੇਡਾ ਡੇਅ

ਏਸ ਨਿਆਗਰਾ ਫਾਲ ਦੇ ਉੱਤੇ, ਇਹ ਹਨ ਦਿਵਸ ਮਨਾਂਦੇ
ਇਹ ਅਮਰੀਕਾ ਅਤੇ ਕਨੇਡਾ, ਸਾਂਝੀ ਖ਼ੁਸ਼ੀ ਮਨਾਂਦੇ
'ਪੰਛੀ' ਐਨੀ ਆਤਿਸ਼ਬਾਜ਼ੀ, ਵੇਖੀ, ਸੁਣੀ ਨਾ ਡਿੱਠੀ
ਕੌਮੀ ਦਿਵਸ ਦੇ ਵਾਂਗ ਕਨੇਡੀ, ਰੀਝਾਂ ਨਾਲ ਸਜਾਂਦੇ।

## ਸਿੱਖੀ ਪਰਚਾਰ

ਗੁਰੂਦਵਾਰੇ ਬਹੁਤ ਨੇ ਏਥੇ, ਗੁਰੂਆਂ-ਦਿਵਸ ਮਨਾਂਦੇ
ਗੁਰਬਾਣੀ ਤੇ ਹੋਏ ਕੀਰਤਨ, ਸਭ ਲੋਕੀ ਹਨ ਜਾਂਦੇ
'ਪੰਛੀ' ਲੰਗਰ ਪਾਣੀ ਖੁੱਲ੍ਹਾ, ਦੇਗ ਦੇ ਗੱਫ਼ੇ ਲਾਂਦੇ
ਖ਼ਾਲਿਸਤਾਨ ਸ਼ਹੀਦਾਂ ਦੀ ਵੀ, ਉਪਮਾ ਖ਼ੂਬ ਸੁਣਾਂਦੇ।

## ਨਗਰ ਕੀਰਤਨ

ਬਹੁਤੀ ਸਜ-ਧਜ ਨਾਲ ਸੰਗਤਾਂ, ਨਗਰ ਕੀਰਤਨ ਕਰਦੇ
ਬੱਚੇ, ਬੁੱਢੇ, ਮਾਈ, ਭਾਈ, ਸੇਵਾ ਵਿੱਚ ਵਿਚਰਦੇ
'ਪੰਛੀ' ਦੇਸ਼ ਪੰਜਾਬ ਦੇ ਵਾਂਗੂ, ਬੜੀ ਹੀ ਸ਼ੋਭਾ ਹੋਵੇ
ਆਵੋ, ਵਿੱਚ ਸੰਗਤਾਂ ਆਵੋ, ਬੈਠੋ ਨਾ ਵਿੱਚ ਘਰ ਦੇ।



Sri Satguru Jagjit Singh Ji eLibrary NamdhariElibrary@gmail.com

## ਬਰਫ਼ਾਂ ਜਾਨ ਸੁਕਾਵਣ

ਭਾਵੇਂ ਦੇਸ਼ ਕਨੇਡਾ ਸੁਥਰਾ, ਬਰਫ਼ਾਂ ਜਾਨ ਸੁਕਾਵਣ
ਐਪਰ ਲੋਕ ਕਨੇਡਾ ਵਾਲੇ, ਇਸ ਵਿੱਚ ਖ਼ੁਸ਼ੀ ਮਨਾਵਣ
'ਪੰਛੀ' ਵਰਗੇ ਬੰਦੇ ਦੀ ਤਾਂ, ਕੁਲਫੀ ਹੀ ਜੰਮ ਜਾਵੇ
ਅੰਦਰ ਬਹਿਕ ਹੀਟਰ ਚੱਲਣ, ਆਪਣਾ ਵਖਤ ਟਪਾਵਣ।

## ਆਪਣਾ ਦੇਸ਼

ਆਪਣਾ ਦੇਸ਼ ਤਾਂ ਆਪਣਾ ਹੁੰਦੈ, ਇਸ ਵਿੱਚ ਬੜੀਆਂ ਮੌਜਾਂ
ਏਥੇ ਭਾਵੇਂ ਔਖਾਂ ਹੋਵਣ, ਫਿਰ ਵੀ ਚੜ੍ਹੀਆਂ ਮੌਜਾਂ
'ਪੰਛੀ' ਆਪਣਾ ਦੇਸ਼ ਪਿਆਰਾ, ਵਤਨ ਜਿਹਾ ਨਾ ਕੋਈ
ਭਾਵੇਂ ਆਪਣੇ ਦੇਸ਼ ਦੇ ਅੰਦਰ, ਹੋਵਣ ਥੁੜੀਆਂ ਮੌਜਾਂ।

## ਜਿਹੋ ਜਿਹਾ ਸੀ

ਮੈਂ ਜਿਹੋ ਜਿਹਾ ਗਿਆ ਕਨੇਡਾ, ਉਹੋ ਜਿਹਾ ਮੁੜ ਆਇਆ
ਨਾ ਕੋਈ ਖੱਟ ਕਮਾਈ ਕੀਤੀ, ਨਾ ਕੋਈ ਰਿਜਕ ਕਮਾਇਆ
'ਪੰਛੀ' ਆਪਣੇ ਮਨ ਵਿੱਚ ਮੌਜਾਂ, ਭਾਵੇਂ ਤਨ ਸੀ ਪੀੜਤ
ਵਾਪਸ ਆਪਣੇ ਦੇਸ਼ ਪਰਤਿਆ, ਰੱਬ ਦਾ ਸ਼ੁਕਰ ਮਨਾਇਆ।

*****



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



ਕਰਤਾਰ ਸਿੰਘ ਪੰਛੀ